ਜਾ ਕਉ ਹਰਿ ਰੰਗੁ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

ੴ ਵਾਹਿਗੁਰੂ ਜੀ ਕੀ ਫ਼ਤਹ ॥

ਗੁਰਮਤਿ ਪਰਚਾਰਕ ਅੱਧ-ਮਾਸਕ ਪੱਤਰ


# ਸੂਰਾ

ਜਿਲਦ ਨੰ: ੫ ] ੨੦ ਮਈ ਮੁਤਾਬਕ ੭ ਜੇਠ ੫੦੧ ਨਾਨਕ ਸ਼ਾਹੀ [ ਅੰਕ ੮

## ਗੁਰਦਵਾਰਾ ਚੀਲ੍ਹਾ ਸਾਹਿਬ, ਸਰਸਾ

20 MAY 1970

੨੦ ਮਈ ੧੯੭੦



ਇਸ ਪਵਿਤਰ ਇਤਿਹਾਸਕ ਅਸਥਾਨ ਤੇ 30, 31 ਮਈ 1970 ਨੂੰ ਅਦੁਤੀ ਅਖੰਡ ਕੀਰਤਨ ਸਮਾਗਮ ਹੋ ਰਹੇ ਹਨ। (ਪਰੋਗਰਾਮ ਵੇਰਵੇ ਸਹਿਤ ਅੰਦਰ ਵੇਖੋ)

www.AKJ.Org

# * ਲੇਖ-ਸੂਚੀ *


| ਨੰ: | ਲੇਖ | ਪੰਨਾ | ਲੇਖਕ |
| --- | --- | --- | --- |
| ੧. | ਦੇਖਾ ਦੇਖੀ ਸਭ ਕਰੇ ਮਨਮੁਖ ਬੂਝ ਨ ਪਾਇ | ੪ | ਸ: ਸੰਤੋਖ ਸਿੰਘ ਡੇਹਰਾਦੂਨ |
| ੨. | ਗੁਰਬਾਣੀ ਤੇ ਬੇਦ ਬਾਣੀ ਦਾ ਫਰਕ | ੭ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੩. | ਗੁਰਮਤਿ ਵਿਹਲਾ ਬੂਝੈ ਕੋਇ | ੧੧ | ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ |
| ੪. | ਖਾਲਸਾ ਮੇਟੇ ਸਜਨ ਸੂਰਾ | ੧੫ | ਸ੍ਰ: ਜੀ. ਬੀ. ਸਿੰਘ ਡੇਹਰਾਦੂਨ |
| ੫. | ਦਸਮੇਸ਼ ਪਿਤਾ ਦੀ ਅਦੁਤੀ ਸ਼ਖਸੀਅਤ | ੧੭ | ਸ੍ਰੀ ਰਾਜਿੰਦਰਪਾਲ ਜਿੰਦਲ ਬਾਗੜੀਆਂ |
| ੬. | ਪ੍ਰਸ਼ਨ ਉਤਰ | ੨੦ | ਸ੍ਰੀ ਗੁਰੂ ਨਾਨਕ ਸਤਿਸੰਗ ਸਭਾ ਸਿੰਘਾਪੁਰ |
| ੭. | ਸ੍ਰੀ ਗੁਰੂ ਅਰਜਨ ਦੇਵ ਜੀ | ੨੨ | ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ |
| ੮. | ਸ਼ਹੀਦਾਂ ਦੇ ਤਿਰਤਾਜ | ੨੪ | ਭਾਈ ਕੁੰਦਨ ਸਿੰਘ ਜੀ ਗੁਆਲੀਅਰ |
| ੯. | ਦੀਵਾ ਬਲੈ ਅੰਧੇਰਾ ਜਾਇ | ੨੮ | ਗਿਆਨੀ ਜਸਮੇਰ ਸਿੰਘ ਜੀ ਪਾਲ |
| ੧੦. | ਵਿਦਵਤਾ ਦੇ ਭੰਡਾਰ ਦਸਮੇਸ਼ ਪਿਤਾ | ੩੧ | ਭਾਈ ਕਰਮ ਸਿੰਘ ਜੀ ਭੰਡਾਰੀ ਬਰਨਾਲਾ |
| ੧੧. | ਸਾਵਧਾਨ ਇਹ ਗੁਰਬਾਣੀ ਨਹੀਂ ! | ੩੭ | ਇਕ ਖੋਜੀ |
| ੧੨. | ਅਰਦਾਸ ਦੀ ਕਰਾਮਾਤ | ੩੮ | ਭਾਈ ਦੇਵਾ ਸਿੰਘ ਕਿਰਤੀ ਅੰਮ੍ਰਿਤਸਰ |


## ਜ਼ਰੂਰੀ ਸੂਚਨਾ

ਸਰਬਤ ਗੁਰਮੁਖ ਪਿਆਰਿਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸੂਰਾ ਪ੍ਰੈਸ ਤੇ ਸੂਰਾ ਦਾ ਦਫਤਰ ਰਾਘੋਮਾਜਰਾ ਤੋਂ ਬਦਲ ਕੇ ਗੁਰਦਵਾਰਾ ਕਲਗੀਧਰ ਸਭਾ ਵਿਖੇ ਸਥਾਪਤ ਹੋ ਗਿਆ ਹੈ ਜੋ ਅਗੇ ਤੋਂ ਸੰਬੰਧਤ ਵੀਰ ਚਿਠੀ ਪਤਰ ਜਾਂ ਮਾਇਆ ਹੇਠ ਲਿਖੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨ ।

ਦਾਸ—ਮੈਨੇਜਰ ਸੂਰਾ, ਧੋਬੀ ਘਾਟ, ਪਟਿਆਲਾ

## ਦਾਨੀ ਸਜਨਾਂ ਵਲੋਂ ਮਾਇਕ ਸਹਾਇਤਾ

| | |
| --- | --- |
| ਇਕ ਗੁਰਮੁਖ ਪਿਆਰਾ | ੫੧ |
| ਮੇਜਰ ਕੇਹਰ ਸਿੰਘ ਲੁਧਿਆਨਾ | ੩ |
| ਅਖੰਡ ਕੀਰਤਨੀ ਜਥਾ ਬੰਗਲੋਰ | ੫੧ |
| ਸ੍ਰ: ਹਰਬੰਸ ਸਿੰਘ ਪਠਾਨਕੋਟ | ੨੫ |
| ਸੂਬੇਦਾਰ ਗੁਰਬਚਨ ਸਿੰਘ ਰਾਨੀ ਮਾਜਰਾ | ੫੧ |
| ਭਾ: ਮੋਹਨ ਸਿੰਘ ਬਾਰਾਮੂਲਾ | ੩ |
| ਭਾ: ਪ੍ਰੀਤਮ ਸਿੰਘ ਦਸੂਹਾ | ੧੦ |

## ਪਾਠਕਾਂ ਪ੍ਰਤੀ ਬੇਨਤੀ

'ਸੂਰਾ' ਦੇ ਸੁਹਿਰਦ ਪਾਠਕਾਂ ਪ੍ਰਤੀ ਜ਼ਰੂਰੀ ਬੇਨਤੀ ਹੈ ਕਿ ਜਿਨ੍ਹਾਂ ਜਿਨ੍ਹਾਂ ਪਾਠਕਾਂ ਨੂੰ ਚੰਦੇ ਖ਼ਤਮ ਹੋਣ ਬਾਰੇ ਚਿਠੀ ਲਿਖੀ ਗਈ ਹੈ, ਉਹ ਸ਼ੀਘਰ ਹੀ ਆਪਣੇ ਆਪਣੇ ਚੰਦੇ ਮੈਨੇਜਰ 'ਸੂਰਾ' ਦੇ ਨਾਮ ਹੇਠ ਲਿਖੇ ਪਤੇ ਤੇ ਭੇਜਣ ਦੀ ਕ੍ਰਿਪਾਲਤਾ ਕਰਨ, ਤਾਕਿ ਉਹਨਾਂ ਦੇ ਨਾਮ ਪਰਚਾ ਚਾਲੂ ਰਹਿ ਸਕੇ ।

ਮੈਨੇਜਰ 'ਸੂਰਾ' ਧੋਬੀ ਘਾਟ, ਪਟਿਆਲਾ

## ਕੀਰਤਨ ਸਮਾਗਮ

ਅਖੰਡ ਕੀਰਤਨੀ ਜਥਾ, ਪਟਿਆਲਾ ਵਲੋਂ ਸ਼ਾਮ 8 ਤੋਂ 10 ਵਜੇ ਤਕ ਹਰ ਬੁਧਵਾਰ ਨੂੰ ਗੁ: ਕਲਗੀਧਰ ਸਭਾ ਧੋਬੀ ਘਾਟ ਪਟਿਆਲਾ ਵਿਖੇ ਅਤੇ ਹਰ ਸ਼ੁਕਰਵਾਰ ਨੂੰ ਗੁ: ਰਾਜਪੁਰਾ ਰੋਡ, ਕਲੋਨੀ ਵਿਖੇ ਕੀਰਤਨ ਸਮਾਗਮ ਰਖੇ ਗਏ ਹਨ । ਸ੍ਰਬਤ ਸੰਗਤਾਂ ਗੁਰੂ ਘਰ ਦੀਆਂ ਹਾਜ਼ਰੀਆ ਭਰਕੇ ਲਾਹਾ ਲੈਣ ।

www.AKJ.Org

## ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥




## ਗੁਰਮਤਿ ਪਰਚਾਰਕ ਅੱਧ-ਮਾਸਕ ਪੱਤਰ


'ਸੂਰਾ' ਪਟਿਆਲਾ ਵਿਦਿਆ ਵਿਭਾਗ ਪੰਜਾਬ ਵਲੋਂ ਕਾਲਜਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿਠੀ ਨੰ: 3/70-68-4 (ਅ.ਪ.) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

ਜਿਲਦ ਨੰ: ੫ ] ੭ ਜੇਠ ੫੦੧ ਨਾਨਕ ਸ਼ਾਹੀ [ ਅੰਕ ੮


ਹਰਿ ਜੇਠਿ ਜੁੜੰਦਾ ਲੋੜੀਐ, ਜਿਸੁ ਅਗੈ ਸਭਿ ਨਿਵੰਨਿ।
ਹਰਿ ਸਜਣ ਦਾਵਣਿ ਲਗਿਆ, ਕਿਸੈ ਨ ਦੇਈ ਬੰਨਿ।
ਮਾਣਕ ਮੋਤੀ ਨਾਮੁ ਪ੍ਰਭ ਉਨ ਲਗੈ ਨਾਹੀ ਸੰਨਿ।
ਰੰਗ ਸਭੇ ਨਾਰਾਇਣੈ, ਜੇਤੇ ਮਨਿ ਭਾਵੰਨਿ।
ਜੋ ਹਰਿ ਲੋੜੇ, ਸੋ ਕਰੇ ਸੋਈ ਜੀਅ ਕਰੰਨਿ।
ਜੋ ਪ੍ਰਭਿ ਕੀਤੇ ਆਪਣੇ, ਸੇਈ ਕਹੀਅਹਿ ਧੰਨਿ।
ਆਪਣ ਲੀਆ ਜੇ ਮਿਲੈ, ਵਿਛੁੜਿ ਕਿਉ ਰੋਵੰਨਿ।
ਸਾਧੂ ਸੰਗੁ ਪਰਾਪਤੇ, ਨਾਨਕ ਰੰਗ ਮਾਣੰਨਿ।
ਹਰਿ ਜੇਠੁ ਰੰਗੀਲਾ ਤਿਸੁ ਧਣੀ, ਜਿਸ ਕੈ ਭਾਗੁ ਮਥੰਨਿ।
(ਬਾਰਹਮਾਹ ਮਾਝ ਮ: ੫ ਘਰੁ ੪)


ਮੁਖ ਸੰਪਾਦਕ:
ਪਿਆਰਾ ਸਿੰਘ

**੨੦ ਮਈ ੧੯੭੦**

ਆਨਰੇਰੀ ਸੰਪਾਦਕ:
ਸਰਦਾਰ ਸਿੰਘ (Rtd. S.D.O.)

ਸੂਰਾ ਪ੍ਰਿੰਟਿੰਗ ਪ੍ਰੈਸ, ਧੋਬੀ ਘਾਟ, ਪਟਿਆਲਾ ਤੋਂ ਅਖੰਡ ਕੀਰਤਨੀ ਜਥਾ ਪਟਿਆਲਾ ਲਈ ਪਿਆਰਾ ਸਿੰਘ ਪ੍ਰਿੰਟਰ ਤੇ ਪਬਲਿਸ਼ਰ ਨੇ ਛਪਾ ਕੇ ਦਫ਼ਤਰ 'ਸੂਰਾ' ਧੋਬੀ ਘਾਟ ਪਟਿਆਲਾ ਤੋਂ 20 ਮਈ 1970 ਨੂੰ ਪ੍ਰਕਾਸ਼ਤ ਕੀਤਾ।


www.AKJ.Org

# ਦੇਖਾ ਦੇਖੀ ਸਭ ਕਰੇ ਮਨਮੁਖ ਬੂਝ ਨਾ ਪਾਇ

(ਵਲੋਂ—ਸ: ਸੰਤੋਖ ਸਿੰਘ ਜੀ, ਡੇਹਰਾਦੂਨ)

ਮਨੁਸ਼ ਇਕ ਸਾਮਾਜਿਕ ਪ੍ਰਾਣੀ ਹੈ। ਸਮਾਜ ਦਾ ਅਸਰ ਮਨੁਸ਼ ਉਤੇ ਬਹੁਤ ਪੈਂਦਾ ਹੈ। ਯਾ ਇੰਞ ਕਿਹਾ ਜਾ ਸਕਦਾ ਹੈ ਕਿ ਜੋ ਕੁਝ ਵੀ ਮਨੁਸ਼ ਸਿਖਦਾ ਹੈ ਸਮਾਜ ਵਿਚੋਂ ਹੀ ਸਿਖਦਾ ਹੈ। ਜਿਹੋ ਜਿਹੀ ਭਲੀ ਯਾ ਬੁਰੀ ਸੰਗਤ ਕਰਦਾ ਹੈ ਉਹੋ ਜਿਹਾ ਇਸ ਦਾ ਸੁਭਾ ਬਣ ਜਾਂਦਾ ਹੈ। ਪਰ ਕਈ ਵਾਰੀ ਮਨੁਸ਼ ਐਸੇ ਕਾਰਜਾਂ ਨੂੰ ਵੀ ਮਹਾਨਤਾ ਦੇਣ ਲਗ ਜਾਂਦਾ ਹੈ ਜਿਹੜੇ ਕਿ ਸੱਚ ਦੀ ਤਕੜੀ ਤੇ ਪੂਰੇ ਨਹੀਂ ਉਤਰਦੇ ਪਰ ਫਿਰ ਵੀ ਕਿਉਂਕਿ ਦੂਜੇ ਲੋਕੀ ਇਸ ਨੂੰ ਕਰਦੇ ਹੁੰਦੇ ਹਨ ਇਸ ਲਈ ਇਹ ਅਗਿਆਨਤਾ ਵਲ ਕਰੀ ਹੀ ਤੁਰਿਆ ਜਾਂਦਾ ਰਹਿੰਦਾ ਹੈ। ਦੂਜੇ ਸ਼ਬਦਾਂ ਵਿਚ ਇਸ ਨੂੰ ਭੇਡ ਚਾਲ ਕਿਹਾ ਜਾ ਸਕਦਾ ਹੈ।

ਅਜ ਅਸੀਂ ਕੁਝ ਇਕ ਐਸੀਆਂ ਹੀ ਗਲਾਂ ਵਲ ਧਿਆਨ ਦੇਣਾ ਹੈ ਜਿਹੜੀਆਂ ਕਿ ਅਸੀਂ ਨਿਤਾ ਪ੍ਰਤੀ ਦੂਜਿਆਂ ਦੀ ਰੀਸੇ ਕਰਦੇ ਹਾਂ ਪਰ ਸਾਡੇ ਦਿਮਾਗ ਵਿਚ ਨਾ ਤਾਂ ਕਦੀ ਆਈ ਤੇ ਨਾ ਹੀ ਸੋਚਣ ਦਾ ਯਤਨ ਕੀਤਾ ਕਿ ਜੋ ਕੁਝ ਵੀ ਅਸੀਂ ਕਰ ਰਹੇ ਹਾਂ ਠੀਕ ਹੈ ਯਾ ਨਹੀਂ।

ਅਜ ਤੋਂ ਢਾਈ ਹਜ਼ਾਰ ਸਾਲ ਪਹਿਲਾਂ ਮਹਾਤਮਾ ਬੁਧ ਜੀ ਮਹਾਰਾਜ ਨੇ ਥਾਂ ੨ ਘੁਮ ਕੇ ਆਪਣੇ ਪਵਿਤ੍ਰ ਅਸੂਲਾਂ ਦਾ ਪ੍ਰਚਾਰ ਕਰਦਿਆਂ ਹੋਇਆਂ ਬੁਤ ਪੂਜਾ ਦੇ ਵਿਰੁਧ ਆਵਾਜ਼ ਉੱਚੀ ਕੀਤੀ। ਮਹਾਤਮਾ ਜੀ ਦੇ ਜੋਤੀ ਜੋਤ ਸਮਾਉਣ ਦੀ ਦੇਰ ਸੀ ਕਿ ਲੋਕਾਂ ਨੇ ਉਨ੍ਹਾਂ ਦੀ ਦਿੱਤੀ ਹੋਈ ਸ਼ਿਕਸ਼ਾ ਤੇ ਮਿਟੀ ਪਾ ਦਿਤੀ ਤੇ ਉਹਨਾਂ (ਮਹਾਤਮਾ ਬੁਧ) ਦੀਆਂ ਹੀ ਮੂਰਤੀਆਂ ਬਣਾ ਕੇ ਪੂਜਾ ਆਰੰਭ ਕਰ ਦਿਤੀ।

ਸ਼੍ਰੋਮਣੀ ਭਗਤ ਨਾਮਦੇਵ ਦੇਵ ਜੀ ਨੇ ਵੀ ਹੋਕਾ ਦਿਤਾ—

ਏਕੈ ਪਾਥਰ ਕੀਜੈ ਭਾਓ।
ਦੂਜੈ ਪਾਥਰ ਧਰੀਐ ਪਾਓ।
ਜੇ ਉਹ ਦੇਉ ਤਾਂ ਉਹ ਭੀ ਦੇਵਾ।
ਕਹਿ ਨਾਮ ਦੇਉ ਹਮ ਹਰ ਕੀ ਸੇਵਾ।

ਭਾਵ ਅਰਥ—ਇਕ ਪੱਥਰ ਉਪਰ ਅਸੀਂ ਪੈਰ ਧਰਦੇ ਹਾਂ ਤੇ ਦੂਜੇ ਉਸੇ ਪਥਰ ਦੀ ਬਣੀ ਮੂਰਤੀ ਦੀ ਪੂਜਾ ਕਰਦੇ ਹਾਂ। ਜੇ ਉਹ (ਪਥਰ ਦੀ ਮੂਰਤ) ਦੇਵ ਅਰਥਾਤ ਠਾਕੁਰ ਹੈ ਤਾਂ ਉਹ (ਪਹਿਲਾ ਪੱਥਰ) ਵੀ ਦੇਵ ਹੈ। ਭਗਤ ਜੀ ਆਖਦੇ ਹਨ ਕਿ ਮੈਂ ਤਾਂ ਇਹ ਝਗੜੇ ਛਡ ਕੇ ਹਰੀ ਦੀ ਸੇਵਾ ਕਰਦਾ ਹਾਂ।

ਭਗਤ ਕਬੀਰ ਜੀ ਦਾ ਵੀ ਫੁਰਮਾਨ ਕੁਝ ਇਸੇ ਤਰ੍ਹਾਂ ਦਾ ਹੈ:—

ਜੋ ਪਾਥਰ ਕਉ ਕਹਤੇ ਦੇਵ।
ਤਾਕੀ ਬਿਰਥਾ ਹੋਵੇ ਸੇਵ।
ਜੋ ਪਾਥਰ ਕੀ ਪਾਈ ਪਾਇ।
ਤਿਸਕੀ ਘਾਲ ਅਜਾਈ ਜਾਇ।

ਭਾਵ ਅਰਥ—ਜੋ ਵੀ ਮਨੁਸ਼ ਪੱਥਰ ਦੀ ਪੂਜਾ ਕਰਦਾ ਹੈ ਉਸ ਦੀ ਕੀਤੀ ਹੋਈ ਸੇਵਾ ਸਭ ਬੇਅਰਥ ਹੀ ਚਲੀ ਜਾਂਦੀ ਹੈ।

ਹਜ਼ਰਤ ਮੁਹੰਮਦ ਸਾਹਿਬ ਜੀ ਵੀ ਆਪਣੇ ਵੀਚਾਰ ਇਕ ਥਾਂ ਇਸ ਤਰ੍ਹਾਂ ਪ੍ਰਗਟ ਕਰਦੇ ਹਨ—

'ਰੱਬ ਦੀ ਮਾਰ ਉਹਨਾਂ ਬੰਦਿਆਂ ਤੇ ਪਵੇ ਜਿਹੜੇ ਕਿ ਪੈਗੰਬਰਾਂ ਦੀਆਂ ਕਬਰਾਂ ਨੂੰ ਪੂਜਾ ਦੀ



www.AKJ.Org

ਥਾਂ ਬਣਾ ਲੈਂਦੇ ਹਨ ਭਾਵ ਕਬਰਾਂ ਨੂੰ ਪੂਜਣ ਲਗ ਜਾਂਦੇ ਹਨ।'

ਗੁਰੂ ਨਾਨਕ ਦੇਵ ਜੀ ਜਗਤ ਦਾ ਉਧਾਰ ਕਰਦਿਆਂ ਆਪਣੇ ਵਾਕਾਂ ਰਾਹੀਂ ਇਹ ਦਾਹਵਾ ਕਰਦੇ ਹਨ:—

'ਥਾਪਿਆ ਨਾ ਜਾਇ'

ਭਾਵ ਅਰਥ—ਉਸ ਪਰ ਪਿਤਾ ਪ੍ਰਮਾਤਮਾ ਦੀ ਥਾਪਨਾ ਨਹੀਂ ਕੀੜੀ ਜਾ ਸਕਦੀ। ਜਦ ਉਹ ਥਾਪਿਆ ਹੀ ਨਹੀਂ ਜਾ ਸਕਦਾ ਤਾਂ ਉਸ ਦੀ ਬਣਾਈ ਹੋਈ ਮੂਰਤੀ ਦੀ ਪੂਜਾ ਕਰਨ ਦੀ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ। ਕੇਵਲ ਇਹੀ ਨਹੀਂ ਕਈ ਹੋਰ ਪ੍ਰਮਾਣ ਵੀ ਦਿਤੇ ਜਾ ਸਕਦੇ ਹਨ ਜਿਵੇਂ ਕਿ ਗੁਰਬਾਣੀ ਦਸਦੀ ਹੈ:—

ਪਾਥਰ ਲੇ ਪੂਜਹਿ ਮੁਗਧ ਗਵਾਰ।
ਓਇ ਆਪ ਡੁਬੇ ਤੁਮ ਕਹਾਂ ਤਾਰਨਹਾਰ।

ਭਾਵ ਅਰਥ—ਕਿੰਨਾ ਸੋਹਣਾ ਗੁਰਬਾਣੀ ਗਿਆਨ ਦਾ ਛੱਟਾ ਦਿੰਦੀ ਹੈ ਕਿ ਮੂਰਖ ਤੇ ਗਵਾਰ ਲੋਕ ਪੱਥਰਾਂ ਦੇ ਅੱਗੇ ਹੀ ਮੱਥੇ ਰਗੜੀ ਜਾਂਦੇ ਹਨ। ਅੰਧਵਿਸ਼ਵਾਸੀ ਇਹ ਸਮਝ ਹੀ ਨਹੀਂ ਸਕਦੇ ਕਿ ਜਦ ਇਹ ਪੱਥਰ ਆਪ ਹੀ ਡੁਬ ਜਾਂਦਾ ਹੈ ਤਾਂ ਇਸ ਨੇ ਆਪਣੇ ਭਗਤਾਂ ਯਾ ਸੇਵਕਾਂ ਨੂੰ ਕੀ ਤਾਰਨਾ ਹੋਇਆ।

ਉੱਪਰ ਲਿਖੇ ਸਭ ਮਹਾਂਪੁਰਖਾਂ ਦੇ ਕਥਨਾਂ ਤੋਂ ਇਹ ਸਿੱਧ ਹੁੰਦਾ ਹੈ ਕਿ ਪੱਥਰਾਂ ਦੀਆਂ ਮੂਰਤੀਆਂ ਨੂੰ ਪੂਜਣਾ ਯੋਗ ਨਹੀਂ, ਪਰ ਅਸੀਂ ਕੀ ਕਰਦੇ ਹਾਂ? ਆਓ ਜ਼ਰਾ ਸੋਚੀਏ।

ਬਹੁਤੀ ਵਾਰੀ ਵੇਖਣ ਵਿਚ ਆਉਂਦਾ ਹੈ ਕਿ ਕਿਸੇ ਗੁਰਸਿੱਖ ਦੇ ਘਰ ਯਾ ਧਾਰਮਿਕ ਅਸਥਾਨ ਤੇ ਜਦ ਗੁਰੂ ਗ੍ਰੰਥ ਸਾਹਿਬ ਜੀ ਮਹਾਰਾਜ ਦਾ ਪ੍ਰਕਾਸ਼ ਕੀਤਾ ਜਾਂਦਾ ਹੈ ਤਾਂ ਅੱਗੇ ਗੁਰੂਆਂ ਦੀਆਂ ਤਸਵੀਰਾਂ ਰਖ ਲੈਂਦੇ ਹਨ। ਸ਼ਰਧਾਲੂ ਪਹਿਲਾਂ ਤਾਂ ਮੱਥਾ ਤਸਵੀਰਾਂ ਨੂੰ ਟੇਕ ਦਿੰਦੇ ਹਨ ਤੇ ਬਾਅਦ ਵਿਚ ਗੁਰੂ ਗਰੰਥ ਸਾਹਿਬ ਜੀ ਦੀ ਪਵਿਤ੍ਰ ਬੀੜ ਨੂੰ। ਕੇਵਲ ਇਨ੍ਹਾਂ ਹੀ ਨਹੀਂ ਅਸੀਂ ਘਰਾਂ ਵਿਚ ਵੀ ਗੁਰੂਆਂ ਦੀਆਂ ਤਸਵੀਰਾਂ ਟੰਗੀਆਂ ਹੁੰਦੀਆਂ ਹਨ ਤੇ ਸਵੇਰੇ ਸ਼ਾਮ ਉਹਨਾਂ ਅਗੇ ਧੂਪ ਬੱਤੀ ਜਲਾਂਦੇ ਹਾਂ ਤੇ ਮੱਥੇ ਟੇਕਦੇ ਹਾਂ। ਜੇ ਪੱਥਰਾਂ ਦੀ ਪੂਜਾ ਕਰਨਾ ਬੁਤ ਪ੍ਰਸਤੀ ਹੈ ਤਾਂ ਕਿ ਇਹ ਤਸਵੀਰਾਂ ਦੀ ਪੂਜਾ ਕਰਨਾ ਬੁਤ ਪ੍ਰਸਤੀ ਤੋਂ ਘੱਟ ਹੈ? ਇਸ ਨੂੰ ਫਿਰ ਤਸਵੀਰ ਪੂਜਨ ਕਿਹਾ ਜਾ ਸਕਦਾ ਹੈ। ਅਸੀਂ ਫੋਟੋਆਂ ਨੂੰ ਹੀ ਭਗਵਾਨ ਯਾ ਰੱਬ ਸਮਝਣਾ ਅਰੰਭ ਕਰ ਦਿਤਾ ਹੈ। ਪਰ ਕਦੀ ਸੋਚਿਆ ਜੇ ਕਿ ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਕੀ ਆਕਦੇ ਹਨ—

ਜੋ ਹਮ ਕੋ ਪ੍ਰਮੇਸ਼ਰ ਉਚਰਹਿ।
ਤੇ ਨਰ ਘੋਰ ਨਰਕ ਮੇਂ ਪਰਹਿ।
ਮੈਂ ਹਉਂ ਪਰਮ ਪੁਰਖ ਕੋ ਦਾਸਾ।
ਦੇਖਣ ਆਇਉ ਜਗਤ ਤਮਾਸ਼ਾ।

ਭਾਵ ਅਰਥ—ਜਿਹੜਾ ਵੀ ਮਨੁਖ਼ ਮੈਨੂੰ ਪ੍ਰਮੇਸ਼ਰ ਸਮਝ ਕੇ ਮੇਰੀ ਪੂਜਾ ਕਰਨੀ ਆਰੰਭ ਕਰ ਦੇਵੇਗਾ ਉਹ ਸਿਧਾ ਨਰਕ ਵਿਚ ਜਾਵੇਗਾ ਭਾਵ ਉਸ ਮਨੁਸ਼ ਦੀ ਕੀਤੀ ਹੋਈ ਸੇਵਾ ਸਭ ਬੇਅਰਥ ਚਲੀ ਜਾਵੇਗੀ। ਅਗੇ ਗੁਰਾਂ ਨੇ ਇਹ ਇਸ਼ਾਰਾ ਕੀਤਾ ਹੈ ਕਿ ਮੈਂ ਤਾਂ ਉਸ ਪ੍ਰਭੂ ਦਾ ਦਾਸ ਹਾਂ ਤੇ ਇਸ ਤਮਾਸ਼ੇ ਰੂਪੀ ਜਗਤ ਨੂੰ ਵੇਖਣ ਵਾਸਤੇ ਆਇਆ ਹਾਂ।

ਵਿਚਾਰਨ ਵਾਲੀ ਗਲ ਤਾਂ ਇਹ ਹੈ ਕਿ ਕੀ ਤਸਵੀਰਾਂ ਦਾ ਪੂਜਣਾ ਲਾਭਦਾਇਕ ਹੋ ਸਕਦਾ ਹੈ? ਇਸ ਗਲ ਨੂੰ ਸਮਝਣ ਲਈ ਅਸੀਂ ਉਦਾਹਰਣ ਵਜੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਵਖੋ ਵਖਰੇ ਕੈਲੰਡਰਾਂ ਉਤੇ ਬਣੀਆਂ ਬਹੁਤ ਸਾਰੀਆਂ ਤਸਵੀਰਾਂ ਲੈ ਲੈਂਦੇ ਹਾਂ। ਇਹਨਾਂ ਸਭਨਾਂ ਤਸਵੀਰਾਂ ਨੂੰ ਸਾਹਮਣੇ ਰਖ ਕੇ ਜ਼ਰਾ ਗੌਹ ਨਾਲ ਵੇਖੀਏ ਤਾਂ ਇਹ ਆਪਿਸ ਵਿਚ ਹੀ ਨਹੀਂ ਮਿਲਦੀਆਂ। ਮਿਲਣ ਵੀ ਕਿਸ ਤਰਾਂ? ਤਸਵੀਰ ਤਾਂ ਕਲਾਕਾਰ ਦੀ ਕਲਾ

(ਬਾਕੀ ਦੇਖੋ ਸਫ਼ਾ 35)



www.AKJ.Org

## ਨਿਰਬਾਨ ਕੀਰਤਨੀ ਜਥਾ, ਕੁਮਾਰ ਹਟੀ, ਡਗਸ਼ਈ ਅਤੇ ਸ਼ਿਮਲਾ ਵਲੋਂ

# ਸ਼ਹੀਦੀ ਗੁਰਪੁਰਬ ਤੇ ਅਖੰਡ ਕੀਰਤਨ ਸਮਾਗਮ

## ਪ੍ਰੋਗਰਾਮ—ਕੁਮਾਰ ਹਟੀ ਤੇ ਡਗਸ਼ਈ ਵਿਖੇ

**6-6-70** ਸਨਿਚਰਵਾਰ ਸਵੇਰੇ 5 ਵਜੇ ਤੋਂ 8 ਵਜੇ ਤਕ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਉਪਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ ਜੀ ਗੁਰਦਵਾਰਾ ਤਪੋ ਬਨ ਕੁਮਾਰ ਹੱਟੀ।

**6-6-70** ਸ਼ਾਮ 7 ਤੋਂ 9 ਵਜੇ ਤਕ ਕੀਰਤਨ ਗੁਰਦਵਾਰਾ ਸਾਹਿਬ ਤਪੋਬਨ ਕੁਮਾਰ ਹੱਟੀ ਵਿਖੇ।

**7-6-70** ਐਤਵਾਰ ਸਵੇਰੇ 6 ਤੋਂ 11 ਵਜੇ ਤਕ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਸ: ਅਜਮੇਰ ਸਿੰਘ ਜੀ ਸੈਕਟਰੀ ਗੁਰਦਵਾਰਾ ਸਿੰਘ ਸਭਾ ਡਗਸ਼ਈ ਦੇ ਗ੍ਰਿਹਿ ਵਿਖੇ।

**7-6-70** ਸ਼ਾਮ 7 ਤੋਂ 9 ਵਜੇ ਤਕ ਕੀਰਤਨ ਗੁ: ਤਪੋ ਬਨ ਕੁਮਾਰ ਹੱਟੀ।

**8-6-70** ਸੋਮਵਾਰ ਸਵੇਰੇ ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ ਜੀ 5 ਵਜੇ ਉਪਰੰਤ ਕੀਰਤਨ ਦੁਪਹਿਰ ਤਕ ਗੁਰਦਵਾਰਾ ਸਾਹਿਬ ਤਪੋ ਬਨ ਕੁਮਾਰ ਹੱਟੀ।

**8-6-70** ਸ਼ਾਮ 8 ਵਜੇ ਅਰੰਭ ਕੀਰਤਨ ਰੈਣ ਸਬਾਈ, ਸਮਾਪਤੀ 9-6-70 ਸਵੇਰੇ 6 ਵਜੇ ਗੁ: ਸਾਹਿਬ ਸ੍ਰੀ ਗੁਰੂ ਸਿੰਘ ਸਭਾ ਡਗਸ਼ਈ ਵਿਖੇ।

## ਪ੍ਰੋਗਰਾਮ—ਸ਼ਿਮਲਾ ਵਿਖੇ

**9-6-70** ਮੰਗਲਵਾਰ ਸਵੇਰੇ 5 ਤੋਂ 9 ਵਜੇ ਕੀਰਤਨ ਸ੍ਰੀ ਆਸਾ ਜੀ ਦੀ ਵਾਰ, ਉਪ੍ਰੰਤ ਅਰੰਭ ਸ੍ਰੀ ਅਖੰਡ ਪਾਠ ਸਾਹਿਬ, ਖਾਲਸਾ ਨਿਵਾਸ, ਰਾਮ ਬਜ਼ਾਰ, ਸ਼ਿਮਲਾ

**9-6-70** ਸ਼ਾਮ 8 ਤੋਂ 10 ਵਜੇ ਤਕ ਕੀਰਤਨ ਗੁਰਦਵਾਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ ਵਿਖੇ।

**10-6-70** ਬੁਧਵਾਰ ਸਵੇਰੇ 5 ਤੋਂ 9 ਵਜੇ ਤਕ ਕੀਰਤਨ ਗੁਰਦਵਾਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ।

**10-6-70** ਸ਼ਾਮ 8 ਤੋਂ 10 ਵਜੇ ਤਕ ਕੀਰਤਨ ਗੁ: ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ।

**11-6-70** ਵੀਰਵਾਰ ਸਵੇਰੇ 5 ਵਜੇ ਸਮਾਪਤੀ ਸ੍ਰੀ ਅਖੰਡ ਪਾਠ ਸਾਹਿਬ ਉਪਰੰਤ ਕੀਰਤਨ ਸ੍ਰੀ ਆਸਾ ਜੀ ਦੀ ਵਾਰ ਦੁਪਹਿਰ ਤਕ, ਖਾਲਸਾ ਨਿਵਾਸ, ਰਾਮ ਬਜ਼ਾਰ, ਸ਼ਿਮਲਾ ਵਿਖੇ।

**11-6-70** ਸ਼ਾਮ ਨੂੰ 8 ਵਜੇ ਅਰੰਭ ਰੈਣ ਸਬਾਈ ਕੀਰਤਨ, ਖਾਲਸਾ ਨਿਵਾਸ, ਰਾਮ ਬਜ਼ਾਰ ਸ਼ਿਮਲਾ ਵਿਖੇ ਜਿਸਦੀ ਸਮਾਪਤੀ 12-6-70 ਨੂੰ ਸਵੇਰੇ 6 ਵਜੇ।

ਦਰਸ਼ਨ ਅਭਲਾਖੀ—

ਨਿਰਬਾਨ ਕੀਰਤਨੀ ਜਥਾ, ਕੁਮਾਰ ਹੱਟੀ, ਡਗਸ਼ਈ ਅਤੇ ਸ਼ਿਮਲਾ

ਰਿਹਾਇਸ਼ ਦਾ ਪ੍ਰਬੰਧ :–
1. ਗੁਰਦਵਾਰਾ ਸਾਹਿਬ ਤਪੋਬਨ ਕੁਮਾਰ ਹੱਟੀ।
2. ਗੁਰਦਵਾਰਾ ਸਾਹਿਬ ਸ੍ਰੀ ਗੁਰੂ ਸਿੰਘ ਸਭਾ ਸ਼ਿਮਲਾ।

ਪੁਛ ਗਿਛ ਲਈ :–
1. ਭਾਈ ਸਾਹਿਬ ਬਾਵਾ ਸਿੰਘ ਜੀ ਸੇਵਾਦਾਰ ਗੁਰਦਵਾਰਾ ਸਾਹਿਬ ਤਪੋਬਨ, ਕੁਮਾਰ ਹੱਟੀ, ਸ਼ਿਮਲਾ ਹਿਲਜ਼।
2. ਭਾਈ ਸਾਹਿਬ ਇੰਦਰ ਸਿੰਘ ਜੀ ਖਾਲਸਾ ਬੂਟ ਹਾਊਸ, ਸ਼ਿਮਲਾ।

ਨੋਟ :–ਬਿਸਤਰੇ ਲੋੜ ਅਨੁਸਾਰ ਨਾਲ ਲਿਆਉਣ ਦੀ ਕਿਰਪਾਲਤਾ ਕਰਨੀ ਜੀ।



www.AKJ.Org

# ਗੁਰਬਾਣੀ ਤੇ ਬੇਦ ਬਾਣੀ ਦਾ ਫਰਕ

(ਵਲੋਂ–ਸਚਖੰਡਵਾਸੀ ਭਾ: ਸਾਹਿਬ ਭਾਈ ਰਣਧੀਰ ਸਿੰਘ ਜੀ)

ਸੁਖਮਨੀ ਸਾਹਿਬ

ਗੁਣ ਗੋਬਿੰਦ ਨਾਮ ਧੁਨਿ ਬਾਣੀ ।
ਸਿਮ੍ਰਿਤਿ ਸਾਸਤ੍ਰ ਬੇਦ ਬਖਾਣੀ ।
ਸਗਲ ਮਤਾਂਤ ਕੇਵਲ ਹਰਿ ਨਾਮੁ ।
ਗੋਬਿੰਦ ਭਗਤ ਕੈ ਮਨਿ ਬ੍ਰਿਸਾਮ ।

ਸਾਰੇ ਹੀ ਮਤ ਮਤਾਂਤਰਾਂ ਉਪਰਿ ਕੇਵਲ ਵਾਹਿਗੁਰੂ ਨਾਮ ਸੰਪੰਨ ਜੋ ਗੁਰਮਤਿ ਮਤੁ ਹੈ ਸਭ ਤੋਂ ਅਫਜ਼ਲ ਹੈ । ਇਸ ਗੁਰਮਤਿ ਨਾਮ ਦਾ ਕੇਵਲ ਗੁਰੂ ਵਰੋਸਾਏ ਗੋਬਿੰਦ ਵਾਹਿਗੁਰੂ ਦੇ ਭਗਤਾਂ ਦੇ ਮਨ ਵਿਖੇ ਬਿਸ੍ਰਾਮ ਹੁੰਦਾ ਅਤੇ ਰਹਿੰਦਾ ਹੈ । ਇਹੀ ਗੁਣੀ ਗੋਬਿੰਦ ਵਾਹਿਗੁਰੂ ਦੇ ਗੁਣਾਂ ਰੂਪੀ ਗੁਰਮਤਿ ਨਾਮ ਦੀ ਧੁਨੀ ਵਾਲੀ ਬਾਣੀ ਹੀ ਕੇਵਲ ਗੁਰਮਤਿ ਨੇ ਹੀ ਵਖਾਣੀ ਹੈ। ਗੁਰਮਤਿ ਵਿਖੇ ਇਹੋ ਗੁਰਬਾਣੀ ਹੀ ਸਿਮ੍ਰਿਤਿ, ਸ਼ਾਸਤ੍ਰ ਹੈ ਤੇ ਬੇਦ ਹੈ, ਹੋਰ ਸ਼ਾਸਤ੍ਰ ਬੇਦ ਦੇ ਵਖਾਣੇ ਹੋਏ ਕੋਈ ਭੀ ਹੈਸੀਅਤ ਨਹੀਂ ਰਖਦੇ । ਸੋ ਇਸ ਗੁਰਵਾਕ ਵਿਚ ਸਿਮ੍ਰਿਤਿ ਸ਼ਾਸਤ੍ਰ ਤੇ ਬੇਦਾਂ ਦਾ ਜੋ ਜ਼ਿਕਰ ਆਇਆ ਹੈ ਸੋ ਗੁਰਬਾਣੀ ਨੇ ਸਾਫ਼ ਤੱਤ ਨਿਖਾਰ ਦਿਤਾ ਹੈ ਕਿ ਉਹ ਗੁਰਬਾਣੀ ਦਾ ਵਖਾਨਣਾ ਹੈ । ਇਸ ਗੁਰਬਾਣੀ ਰੂਪੀ ਸਚੀ ਇਲਾਹੀ ਦਾਤ ਤੇ ਉਪਰੰਤ ਨਾਂ ਹੀ ਕੋਈ ਬੇਦ ਹੈ ਨਾ ਕੋਈ ਸ਼ਾਸਤ੍ਰ ਹੈ ਤੇ ਨਾ ਹੀ ਕੋਈ ਸਿਮ੍ਰਿਤੀ ਹੈ ਜੋ ਕੁਝ ਹੈ ਸੋ ਗੁਰਬਾਣੀ ਹੀ ਗੁਰਬਾਣੀ ਹੈ ਤੇ ਗੁਰਮਤਿ ਨਾਮ ਹੈ । ਉਹ ਬੜੇ ਅਣਜਾਣ ਲੋਗ ਹਨ ਜੋ ਇਹੋ ਜਿਹੇ ਅਵੈੜੇ ਅਰਥ ਕਰਦੇ ਹਨ ਕਿ ਗੁਰਮਤਿ ਨਾਮ ਨੂੰ ਗੁਰਬਾਣੀ ਨੂੰ ਬੇਦਾਂ ਸ਼ਾਸਤ੍ਰਾਂ ਤੇ ਸਿਮ੍ਰਤੀਆਂ ਨੇ ਵਖਾਣਿਆ ਹੈ । ਜੇ ਇਹ ਗਲ ਸਹੀ ਮੰਨੀ ਜਾਂਦੀ ਤਾਂ ਬੇਦ ਦੇ ਦਦੇ ਅਖਰ ਨੂੰ ਤੇ ਸ਼ਾਸਤ੍ਰ, ਪਦ ਦੇ ਅਖੀਰਲੇ ਅਖਰ ਤਤੇ ਦੇ ਪੈਰ ਰਾਰੇ ਨੂੰ ਜ਼ਰੂਰ ਹੀ ਸਿਆਰੀ ਲਗੀ ਹੋਈ ਹੁੰਦੀ ਤਾਂ ਤ ਇਸ ਗੁਰਬਾਣੀ ਲਗ ਮਾਤਰ ਅਟੱਲ ਨਿਯਮ ਅਨੁਸਾਰ ਇਹ ਅਵੈੜੇ ਅਰਥ ਬਣ ਹੀ ਨਹੀਂ ਸਕਦੇ ਅਣਜਾਣ ਲੋਕਾਂ ਦਾ ਤਾਂ ਕੀ ਆਖਣਾ ਹੈ ਬੜੇ ਬੜੇ ਪੜ੍ਹੇ ਲਿਖੇ ਸ਼ਬਦਾਰਥੀਏ ਗਿਆਨੀ ਭੀ ਇਹੋ ਜਿਹੇ ਅਵੈੜੇ ਅਰਥਾਂ ਦੇ ਕਰਨ ਦ ਵਹਿਣ ਵਿਚ ਰੁੜੇ ਜਾਂਦੇ ਹਨ। ਲਗ ਮਾਤਰੀ ਨਿਯਮਾਂ ਦੇ ਜਾਣੂ ਪਛਾਣੂ ਸਜਣ ਇਹਨਾਂ ਨਿਯਮਾਂ ਦੇ ਕਾਬੂ ਹੋਣ ਦਾ ਦਾਅਵਾ ਕਰਦੇ ਹੋਏ ਭੀ ਐਨ ਗੁਰਮਤਿ ਤੋਂ ਉਲਟ ਅਨਮਤੀ ਬੇਦ ਭਗਤਾਂ ਵਾਲੇ ਅਰਥ ਕਰ ਜਾਂਦੇ ਹਨ ।

ਗਉੜੀ ਮਹਲਾ ੫ ॥

ਬੇਦ ਪੁਰਾਨ ਸਿਮ੍ਰਿਤਿ ਸੁਨੇ
ਬਹੁ ਬਿਧਿ ਕਰਉ ਬੀਚਾਰੁ ।
ਪਤਿਤ ਉਧਾਰਨ ਭੈ ਹਰਨ
ਸੁਖ ਸਾਗਰ ਨਿਰੰਕਾਰ ।
ਦਾਤਾ ਭੁਗਤਾ ਦੇਨਹਾਰੁ
ਤਿਸੁ ਬਿਨੁ ਅਵਰੁ ਨ ਜਾਇ ।
ਜੋ ਚਾਹਹਿ ਸੋਈ ਮਿਲੈ
ਨਾਨਕ ਹਰਿ ਗੁਨ ਗਾਇ ।



www.AKJ.Org

ਇਸ ਗੁਰਵਾਕ ਦੀ ਚਾਰ ਤੁਕੀ ਅੰਦਰਿ ਤੀਜੀ ਤੁਕ ਦੀ ਅੰਤਲੀ ਅੱਧ ਪੰਗਤੀ 'ਤਿਸੁ ਬਿਨੁ ਅਵਰੁ ਨ ਜਾਇ' ਸਾਫ ਸਪਸ਼ਟ ਕਰਾਉਂਦੀ ਹੈ ਕਿ ਵਾਹਿਗੁਰੂ ਬਿਨਾਂ ਸਚੀ ਸਮਰਥਤਾ ਰਖਣ ਵਾਲੀ ਵਿਅਕਤੀ ਹੋਰ ਕੋਈ ਭੀ ਨਹੀਂ। ਦਾਤਾ ਭੁਗਤਾ ਦੇਨਹਾਰਾ ਇਕੋ ਵਾਹਿਗੁਰੂ ਹੈ। ਪਤਿਤਾਂ ਦੇ ਉਧਾਰਨਹਾਰਾ, ਜਨਮ ਮਰਨ ਦੇ ਭੈ ਹਰਨਹਾਰਾ ਸਰਬ ਪ੍ਰਕਾਰ ਦੇ ਸੁਖਾਂ (ਆਤਮ ਅਧਿਆਤਮੀ) ਦਾ ਸਾਗਰ ਇਕੋ ਨਿਰੰਕਾਰ ਹੀ ਹੈ ਦੂਜਾ ਕੋਈ ਨਹੀਂ। ਇਹ ਗਲ ਕੇਵਲ ਗੁਰਮਤਿ ਗੁਰਬਾਣੀ ਨੇ ਹੀ ਦ੍ਰਿੜਾਈ ਸੁਝਾਈ ਹੈ ਹੋਰ ਕਿਸੇ ਮਤਾਂਤਰੀ ਨੇਤਾ ਨੂੰ ਜਾਂ ਕਿਸੇ ਵਡੇ ਆਨਮਤ ਦੇ ਨੇਤਾ ਨੂੰ ਨਹੀਂ ਸੁਝੀ ਨਾ ਬੁਝੀ ਹੈ। ਬਹੁਤਾ ਕੀ ਆਖਣਾ ਹੈ ਹਿੰਦੂ ਮਤ ਦੇ ਸ਼ਰੋਮਣੀ ਮੰਨੀਆਂ ਦੰਨੀਆਂ ਪੁਸਤਕਾਂ ਬੇਦਾਂ ਪੁਰਾਣਾਂ ਸ਼ਾਸਤਰਾਂ ਨੂੰ ਬਹੁ ਪਰਕਾਰ ਸੁਣ ਸੁਣ ਕੇ ਤੇ ਘੋਖ ਘੋਖ ਕੇ ਪੜਤਾਲ ਲਿਆ ਉਥੇ ਭੀ ਇਹ ਤਤ ਗੁਰਮਤਿ ਵਾਲੀ ਉਕੀ ਹੀ ਨਹੀਂ ਦਿਖਾਈ ਦਿੰਦੀ। ਵਾਹਿਗੁਰੂ ਗੁਰਮਤਿ ਗੁਰਬਾਣੀ ਰੂਪੀ ਗੁਣ ਗਾਉਣ ਕਰਿ ਮਨ ਬਾਂਛਤ ਫਲ ਜੋ ਭੀ ਕੋਈ ਚਾਹੇ ਸੋ ਮਿਲ ਰਹਿੰਦਾ ਹੈ ਪਰੰਤੂ ਗੁਰਬਾਣੀ ਦੇ ਸਚੇ ਆਸ਼ਕ ਗੁਰਮਤ ਨਾਮ ਦੇ ਤੱਤ ਉਪਾਸ਼ਕ ਬਿਨਾਂ ਨਾਮ ਬਾਣੀ ਦੇ ਹੋਰ ਕੁਛ ਮੰਗਦੇ ਹੀ ਨਹੀਂ। ਹੋਰ ਕਿਸੇ ਫਲ ਦੀ ਬਾਂਛਾ ਨਹੀਂ ਰਖਦੇ। ਮਾਇਕ ਪਦਾਰਥ ਸੁਤੇ ਸਿਧ ਹੀ ਤਿਨ੍ਹਾਂ ਦੇ ਪਿਛੇ ਲਗੇ ਫਿਰਦੇ ਹਨ ਪਰ ਓਹਨਾਂ ਨੂੰ ਅਕਾਂਖਿਆ ਕੁਛ ਨਹੀਂ ਹੁੰਦੀ। ਤ੍ਰਿਗੁਣੀ ਮਾਇਕ ਪਦਾਰਥਾਂ ਦੇ ਦੇਣਹਾਰੇ ਬੇਦਾਂ ਪੁਰਾਣਾਂ ਸਿਮ੍ਰਿਤੀਆਂ ਦੇ ਸੁਨਣ ਪੜ੍ਹਨ ਘੋਖਣ ਦੀ ਉਹਨਾਂ ਨੂੰ ਕੀ ਲੋੜ ਹੋ ਸਕਦੀ ਹੈ।

ਪਉੜੀ ॥

ਚੁਤਰਥਿ ਚਾਰੇ ਬੇਦ ਸੁਣਿ ਸੋਧਿਓ ਤਤੁ ਬੀਚਾਰੁ ।
ਸਰਬ ਖੇਮ ਕੁਲਿਆਣ ਨਿਧਿ ਰਾਮ ਨਾਮ ਜਪਿ ਸਾਰੁ ।
... ... ... ... ...
ਸੁਰਿ ਨਰ ਮੁਨਿ ਜਨ ਖੋਜਤੇ ਸੁਖ ਸਾਗਰ ਗੋਪਾਲ ।
ਮਨੁ ਨਿਰਮਲ ਮੁਖੁ ਊਜਲਾ ਹੋਇ ਨਾਨਕ ਸਾਧ ਰਵਾਲ ।

ਚੌਥੀ ਥਿਤਿ ਦੁਆਰਾ ਗੁਰੂ ਸਾਹਿਬ ਇਉਂ ਉਪਦੇਸ਼ ਕਰਦੇ ਹਨ ਕਿ ਸਾਰੀਆਂ ਖੇਮ ਕਲਿਆਣੀ ਖੁਸ਼ੀਆਂ ਦੇ ਖਜ਼ਾਨੇ ਸਾਰੇ ਰਮੇ ਹੋਏ ਵਾਹਿਗੁਰੂ ਦਾ ਨਾਮ ਹੀ ਜਪ ਇਹੀ ਸਾਰ ਤੱਤ ਵਸਤੂ ਹੈ ਜਪਣ ਜੋਗ। ਇਹੋ ਤੱਤ ਸਾਰ ਵਸਤੂ ਗੁਰਮਤਿ ਨਾਮ ਰੂਪੀ ਤਤ ਵੀਚਾਰ ਦਾ ਵੀਚਾਰ ਸੁਨਣਾ ਕਥਨਾ ਹੀ ਗੁਰਮਤਿ ਅੰਦਰਿ (ਗੁਰਮਤਿ ਦੇ ਭਾਵ ਅਨੁਸਾਰ) ਚੌਹਾਂ ਬੇਦਾਂ ਦਾ ਸੁਨਣਾ ਕਥਨਾ ਹੈ। ਇਸੇ ਤੱਤ ਸਾਰ ਬੀਚਾਰੀ ਗੁਰਮਤਿ ਨਾਮ ਗੁਰਬਾਣੀ ਰੂਪੀ ਗੁਰਮਤਿ ਗੁਣਾਂ ਤੋਂ ਉਪਰੰਤ ਹੋਰ ਵੀਚਾਰਨ ਜੋਗ ਕੋਈ ਭੀ ਬੇਦ ਆਦਿਕ ਪੁਸਤਕ ਨਹੀਂ। ਚਾਰੇ ਬੇਦ ਸੁਨਣੇ ਘੋਖਣੇ ਸਭ ਏਹਨਾਂ ਗੁਣਾਂ ਤੋਂ ਹੇਠਾਂ ਹੀ ਰਹਿ ਜਾਂਦੇ ਹਨ। ਜਿਸ ਗੁਰਮੁਖਿ ਜਨ ਨੇ ਗੁਰਮਤਿ ਗੁਣਾਂ ਰੂਪੀ ਗੁਰਬਾਣੀ ਨੂੰ ਸੁਣਿ ਪੜ੍ਹ ਲਿਆ ਅਤੇ ਤੱਤ ਗੁਰਮਤਿ ਨਾਮ ਦਾ ਜਾਪ ਅਭਿਆਸ ਕਰ ਲਿਆ ਉਸ ਨੇ ਮਾਨੋ ਇਕ ਪਰਕਾਰ ਚਾਰੇ ਬੇਦ ਸੁਣ ਪੜ੍ਹ ਲਏ ਭਾਵ ਆਨਮਤਿ ਬਿਦਤਾਏ ਚੌਹਾਂ ਬੇਦਾਂ ਦੇ ਪੜ੍ਹਨ ਦੀ ਗੁਰਮਤਿ ਵਰੋਸਾਏ ਗੁਰਮੁਖ ਜਨਾਂ ਨੂੰ ਉਕਾ ਹੀ ਲੋੜ ਨਹਾਂ। ਹਿੰਦੂ ਮਤ ਦੇ ਮੰਨੇ ਦੰਨੇ ਬੜੇ ਤੋਂ ਬੜੇ ਦੇਵਤੇ ਨਰ ਮਨੁਖ ਮੁਨੀ ਜਨ ਸੁਖ ਸਾਗਰ (ਸੁਖਾਂ ਦੇ ਸਾਗਰ) ਪ੍ਰਿਥਮੀ ਦੇ ਪ੍ਰਤਿਪਾਲਕ ਵਾਹਿਗੁਰੂ ਨੂੰ ਖੋਜਣ ਦੀਆਂ ਬਥੇਰੀਆਂ ਟਕਰਾਂ ਮਾਰਦੇ ਰਹੇ ਪਰ ਓਹਨਾਂ ਦਾ ਕੁਛ ਨ ਬਣਿਆ। ਗੁਰੂ ਨਾਨਕ ਸਾਹਿਬ ਦੇ ਘਰ ਦੇ ਗੁਰਮੁਖਿ ਨਾਮ ਅਭਿਆਸੀ ਸਾਧੂ ਦੀ ਰੇਣਕਾ ਬਾਛਿਆਂ ਮਨ ਨਿਰਮਲ ਤੇ ਮੁਖ ਉਜਲਾ ਹੋ ਜਾਂਦਾ ਹੈ।

ਖਟ ਸਾਸਤ੍ਰ ਊਚੌ ਕਹਹਿ ਅੰਤੁ ਨ ਪਾਰਾਵਾਰ
ਭਗਤ ਸੋਹਹਿ ਗੁਣ ਗਾਵਤੇ
ਨਾਨਕ ਪ੍ਰਭ ਕੈ ਦੁਆਰ ।

ਖਸਟਮਿ ਖਟ ਸਾਸਤ੍ਰ ਕਹਹਿ
ਸਿਮ੍ਰਿਤਿ ਕਥਹਿ ਅਨੇਕ ।
ਊਤਮੁ ਊਚੌ ਪਾਰਬ੍ਰਹਮੁ
ਗੁਣ ਅੰਤੁ ਨ ਜਾਣਹਿ ਸੇਖ ।


www.AKJ.Org

ਨਾਨਕ ਮੁਨ ਜਨ ਸੁਕ ਬਿਆਸ
ਜਸੁ ਗਾਵਤ ਗੋਵਿੰਦ।
ਰਸ ਗੀਧੇ ਹਰਿ ਸਿਉ ਬੀਧੇ
ਭਗਤ ਰਚੇ ਭਗਵੰਤ।

ਹਿੰਦੂ ਮਤ ਦੇ ਛੇਈ ਸ਼ਾਸਤ੍ਰਾਂ ਨੂੰ ਉਚੀ ੨ ਪੁਕਾਰਦੇ ਬਥੇਰੇ ਕਹਿੰਦੇ ਸੁਣਦੇ ਹਨ ਪਰ ਵਾਹਿਗੁਰੂ ਦਾ ਅੰਤ ਪਾਰਾਵਾਰ ਏਹਨਾਂ ਤੋਂ ਨਹੀਂ ਪਾਇਆ ਜਾਣਾ। ਏਹਨਾਂ ਤੋਂ ਕੀ ਪਾਇਆ ਜਾਣਾ ਸੀ ਏਹਨਾਂ ਅਨਮਤੀਆਂ ਦੇ ਖਟ ਸ਼ਾਸਤ੍ਰ ਆਦਿਕ ਪੂਜ ਪੁਸਤਕ ਭੀ ਇਸ ਮਾਰਗ ਦਾ ਕੁਛ ਨਿਸ਼ਾਨ ਪਤਾ ਨਹੀਂ ਦੇ ਸਕਦੇ। ਓਹ ਤਾਂ ਨਿਰੀਆਂ ਤ੍ਰੈਗੁਣੀ ਮਾਇਕ ਪਦਾਰਥਾਂ ਦੀਆਂ ਗਲਾਂ ਹੀ ਕਥਦੇ ਹਨ। ਏਹਨਾਂ ਸਾਰੀਆਂ ਹੋਛੀਆਂ ਖਟ ਸ਼ਾਸਤ੍ਰੀ ਉਚ ਪੁਕਾਰੀ ਗਲਾਂ ਨੂੰ ਛਡ ਕੇ ਗੁਰੂ ਘਰ ਦੇ ਭਗਤ ਜਨ ਕੇਵਲ ਗੁਰਮਤਿ ਗੁਣਾਂ ਦੇ ਗ੍ਰਾਹਕ ਹੀ ਬਣਦੇ ਹਨ ਅਤੇ ਗੁਰਮਤਿ ਗੁਣਾਂ ਨੂੰ ਹੀ ਗਾਉਂਦੇ ਹਨ। ਵਾਹਿਗੁਰੂ ਦੇ ਦੁਆਰੇ ਜਾ ਖਲੋਂਦੇ ਹਨ ਤੇ ਵਾਹਿਗੁਰੂ ਦਾ ਦੁਆਰਾ ਪ੍ਰਾਪਤਿ ਕਰ ਕੇ ਵਾਹਿਗੁਰੂ ਦੇ ਸਨਮੁਖੀ ਦਰਸ਼ਨ ਦਿਦਾਰੇ ਕਰਦੇ ਹੋਏ ਭੀ ਸਗੋਂ ਹੋਰ ਅਨੰਦ ਮਈ ਸਨਮੁਖੀ ਗੁਣ ਗਾਵੰਦੇ ਹਨ। ਛੇਵੀਂ ਥਿਤ ਦੁਆਰਾ ਗੁਰਮਤਿ ਦਾ ਇਹ ਉਪਦੇਸ਼ ਹੈ ਕਿ ਛੇਈ ਸ਼ਾਸਤ੍ਰ ਕਹਿਣ ਵਾਲੇ ਸਿਮ੍ਰਿਤੀਆਂ ਦੇ ਕਥਨਹਾਰੇ ਅਨੇਕਾਂ ਹੀ ਝੱਖ ਮਾਰ ਥਕੇ ਉਹਨਾਂ ਦਾ ਕੱਖ ਭੀ ਨਾ ਬਣਿਆ। ਵਾਹਿਗੁਰੂ ਦਾ ਸਰਬੋਤਮੀ ਸਭ ਤੋਂ ਉਚਾ ਪਾਰਬ੍ਰਹਮ ਨਿਰਾਲਾ ਅਗਮ ਅਗੋਚਰ ਹੀ ਰਹਿ ਗਿਆ। ਉਸ ਦੇ ਗੁਣਾਂ ਦਾ ਅੰਤ ਸ਼ੇਸ਼ਨਾਗ ਜੈਸੇ ਹਿੰਦੂ ਦੇਵਤੇ ਭੀ ਪਾ ਨਹੀਂ ਸਕੇ। ਅਨੁਮਤ ਦੇਵਤੇ ਤੇ ਨਾਰਦਮੁਨੀ, ਸੁਕਦੇਵ ਬਿਆਸ ਜੈਸੇ ਭੀ ਬਥੇਰੀਆਂ ਧਾਵਨੀਆਂ ਧਾਇ ਚੁਕੇ ਮਨਉਕਤ ਜਸ ਗਾਵਨੀਆਂ ਗਾਇ ਚੁਕੇ, ਸੁਣੇ ਸੁਣਾਏ ਗੋਬਿੰਦ ਦੀਆਂ ਸਿਫਤਿ ਕਹ ਣੀਆਂ ਕਹਿ ਥਕੇ ਪਰ ਤਿਨ੍ਹਾਂ ਨੂੰ ਵਾਹਿਗੁਰੂ ਪ੍ਰਮਾਤਮਾ ਦੀ ਪ੍ਰਾਪਤੀ ਨਹੀਂ ਹੋਈ। ਵਾਹਿਗੁਰੂ ਅਕਾਲ ਪੁਰਖ ਭਗਵੰਤ ਦੇ ਗੁਰਮਤਿ ਵਰੋਸਾਏ ਗੁਰਮੁਖਿ ਭਗਤ ਜਨ ਰਸਿਕ ਰਸਾਇ ਗੁਰਮਤਿ ਗੁਣਾਂ ਵਿਚ ਮੰਨੇ ਗਏ ਵਾਹਿਗੁਰੂ ਦੇ ਨਾਮ ਨਾਲ ਵਿੰਨ੍ਹੇ ਗਏ ਕੇਵਲ ਓਹੀ ਵਾਹਿਗੁਰੂ ਦੇ ਸਚੇ ਸਰੂਪ ਵਿਚ ਸਾਖਸ਼ਾਤਕਾਰੀ ਦਰਸ਼ਨ ਵਿਚ ਰਚ ਮਿਚਕੇ ਇਕ ਮਿਕ ਹੋ ਗਏ। ਗੁਰਮਤਿ ਤੇ ਅਨਮਤਿ ਦੀ ਉਪਾਸ਼ਨਾਂ ਦਾ ਕਿਆ ਖੂਬ ਨਿਖੇੜਵਾਂ ਅਤੇ ਨਿੱਤਰਵਾਂ ਨਿਰਣਾ ਏਹਨਾਂ ਉਪਰਲੀਆਂ ਗੁਰਵਾਕ ਤੁਕਾਂ ਦੁਆਰਾ ਹੋਇਆ ਹੈ। ਜਿਸ ਤੋਂ ਸਾਫ਼ ਸਿਧ ਹੁੰਦਾ ਹੈ ਕਿ ਜਗਿਆਸੂ ਜਨ ਦਾ ਨਿਸਤਾਰਾ ਹੈ ਤਾਂ ਕੇਵਲ ਗੁਰਮਤਿ ਦੁਆਰਾ ਹੀ ਹੈ। ਆਨਮਤ ਦੁਆਰਾ ਕਦੇ ਭੀ ਛੁਟਕਾਰਾ ਨਹੀਂ। ਏਦੂੰ ਵਧੇਰੇ ਗੁਰਮਤਿ ਮੰਡਨ ਅਤੇ ਆਨਮਤ ਖੰਡਨ ਦਾ ਕੀ ਤਫ਼ੱਰਕਾ ਹੋ ਸਕਦਾ ਹੈ।

ਪਉੜੀ॥

ਨਾਨਕ ਵੀਚਾਰਹਿ ਸੰਤ ਜਨ ਚਾਰਿ ਵੇਦ ਕਹੰਦੇ।
ਭਗਤ ਮੁਖੈ ਤੇ ਬੋਲਦੇ ਸੇ ਵਚਨ ਹੋਵੰਦੇ।

ਗੁਰੂ ਨਾਨਕ ਦੇ ਘਰ ਦੇ ਗੁਰਮੁਖਿ ਸੰਤ ਜਨ ਜੋ ਗੁਰਮਤਿ ਨਾਮ ਅਭਿਆਸ ਵੀਚਾਰਨੀ ਵੀਚਾਰਦੇ ਹਨ ਇਹੀ ਤਿਨ੍ਹਾਂ ਦੀ ਚਾਰ ਵੇਦ ਵਖਾਨਣੀ ਮੁਖਾਰਬਿੰਦਤਾ ਹੈ। ਗੁਰਮਤਿ ਗੁਣਾਂ ਤੋਂ ਭਿੰਨ ਗੁਰੂ ਨਾਨਕ ਦੇ ਘਰ ਦੇ ਸੰਤ ਜਨ ਹੋਰ ਕੁਛ ਕਚੀ ਬਾਣੀ ਆਦਿਕ ਉਚਾਰਦੇ ਵੀਚਾਰਦੇ ਹੀ ਨਹੀਂ। ਚੌਹਾਂ ਬੇਦਾਂ ਦੀ ਕੱਚੀ ਬਾਣੀ ਦੀ ਕਥਨੀ ਬਦਨੀ ਗੁਰਮੁਖਿ ਸੰਤ ਜਨਾਂ ਦੇ ਨੇੜੇ ਹੀ ਨਹੀਂ ਢੁਕਦੀ। ਗੁਰੂ ਘਰ ਦੇ ਗੁਰਮੁਖਿ ਜਨਾਂ ਦੀ ਗੁਰਬਾਣੀ ਰੂਪੀ ਸਿਫਤਿ ਸਲਾਹ ਕਰਨ ਤੋਂ ਵਧੀਕ ਹੋਰ ਕੇਹੜੀ ਵੇਦ ਵਖਾਨਣੀ ਹੋ ਸਕਦੀ ਹੈ? ਚਾਰੇ ਵੇਦਾਂ ਦਾ ਮੁਖਾਗਰ ਪਾਠ ਆਨਮਤੀਏ ਵੇਦ ਪੂਜਾਰੀ ਵੇਦ ਭਗਤ ਭਾਵੇਂ ਕਰਦੇ ਫਿਰਨਿ। ਗੁਰਮਤਿ ਤੱਤ ਗੁਰਮਤਿ ਵੀਚਾਰੀ ਭਗਤ ਜਨਾਂ ਨੂੰ ਵੇਦਾਂ ਦੇ ਵੀਚਾਰਨ ਦੀ ਕੱਖ ਲੋੜ ਨਹੀਂ ਕਿਉਂਕਿ ਇਹਨਾਂ ਚੌਹਾਂ ਹੀ ਵੇਦਾਂ ਅੰਦਰ ਤ੍ਰੈਗੁਣੀ ਮਾਇਆ ਦਾ ਹੀ ਵਿਸਥਾਰ ਹੈ। ਗੁਰਮੁਖਿ ਭਗਤ ਜਨ ਆਪਣੇ ਮੁਖਾਰਬਿੰਦ ਤੋਂ ਸਿਵਾਏ ਗੁਰਬਾਣੀ ਗੁਰਮਤਿ ਨਾਮ ਅਭਿਆਸ ਦੇ ਹੋਰ ਕੁਛ ਬੋਲਦੇ ਹੀ ਨਹੀਂ। ਜਦੋਂ ਭੀ ਗੁਰਮੁਖਿ ਜਨ ਆਪਣੇ ਮੁਖਾਰਬਿੰਦ ਤੋਂ ਕੋਈ ਬੋਲ ਬੋਲਦੇ ਹਨ ਸੋ ਨਾਮ ਅਭਿਆਸ ਗੁਰਮਤਿ



www.AKJ.Org

ਸਿਫਤਿ ਸਲਾਹ ਰੂਪੀ ਬੋਲੀ ਹੀ ਬੋਲਦੇ ਹਨ। ਐਸੇ ਬੋਲ ਬਚਨ ਬੋਲਣੇ ਹੀ ਗੁਰਮੁਖਿ ਭਗਤ ਜਨਾਂ ਦੇ ਮੁਖੋਂ ਬੋਲੇ ਹੋਏ ਥਾਂਇ ਪੈਂਦੇ ਹਨ।

ਪਉੜੀ ॥

ਸਿਮ੍ਰਿਤਿ ਸਾਸਤ੍ਰ ਸੋਧਿ ਕਿਨੈ ਕੀਮ ਨ ਜਾਣੀ।
ਜੋ ਜਨ ਭੇਟੈ ਸਾਧ ਸੰਗਿ ਸੋ ਹਰਿ ਰੰਗੁ ਮਾਣੀ।
ਸਚੁ ਨਾਮੁ ਕਰਤਾ ਪੁਰਖੁ ਏਹ ਰਤਨਾ ਖਾਣੀ।

ਆਨਮਤੀਆਂ ਦੇ ਇਸ਼ਟ ਧਰਮ ਵਾਲੇ ਪੁਸਤਕ ਸ਼ਾਸਤ੍ਰ ਸਿਮ੍ਰਿਤੀਆਂ ਸਭ ਸੋਧ ਕੇ ਦੇਖ ਲਇ, ਸੋਧ ਕੇ ਪੜਤਾਲ ਲਏ ਵਾਹਿਗੁਰੂ ਦੀ ਕੀਮਤ ਕਿਸੇ ਨੇ ਨਹੀਂ ਜਾਣੀ। ਗੁਰੂ ਘਰ ਦੀ ਸਤਿਸੰਗਿ ਦਾ ਜੋ ਜਨ ਭੇਟਣ ਕਰਦਾ ਹੈ ਸੋ ਅਵੱਸ਼ ਵਾਹਿਗੁਰੂ ਦਾ ਰੰਗ ਮਾਣਦਾ ਹੈ। ਸਚਾ ਗੁਰਮਤਿ ਨਾਮ ਵਾਹਿਗੁਰੂ ਇਹੀ ਸਚੁ ਪਦਾਰਥ ਹੈ। ਸੋ ਕਰਤਾ ਪੁਰਖ ਹੈ। ਉਸ ਦਾ ਸਚਾ ਨਾਮ ਰਤਨਾਂ ਦੀ ਖਾਣ ਹੈ। ਸੋਈ ਪ੍ਰਾਨੀ ਇਸ ਗੁਰਮਤਿ ਨਾਮ ਵਾਹਿਗੁਰੂ ਨੂੰ ਸਿਮਰਦਾ ਹੈ ਜਿਸ ਦੇ ਮਸਤਕ ਉਤੇ ਧੁਰੋਂ ਲਿਖਿਆ ਹੁੰਦਾ ਹੈ।

ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ।
ਓਇ ਸੇਵਨਿ ਸੰਮ੍ਰਿਥੁ ਆਪਣਾ ਬਿਨਸੈ ਸਭੁ ਮੰਦਾ।
ਪਤਿਤ ਉਧਾਰਣ ਪਾਰਬ੍ਰਹਮ ਸੰਤ ਬੇਦੁ ਕਹੰਦਾ।
ਭਗਤਿ ਵਛਲੁ ਤੇਰਾ ਬਿਰਦੁ ਹੈ ਜੁਗਿ ਜੁਗਿ ਵਰਤੰਦਾ।

ਗੁਰੂ ਘਰ ਦੇ ਗੁਰਮੁਖਿ ਸਾਧ ਜਨ ਸਤ ਸੰਗਤਿ ਅਸਥਾਨ ਤੇ ਜਿਥੇ ਮਿਲ ਕੇ ਬੈਠਦੇ ਹਨ ਤੇ ਬੈਸ ਕੇ ਕੀਰਤਨ ਨਾਮ ਵਿਚ ਜੁਟਦੇ ਹਨ, ਉਹ ਅਸਥਾਨ ਬੜਾ ਹੀ ਸੁਭਾਇਮਾਨ ਹੁੰਦਾ ਹੈ। ਮਿਲ ਕੇ ਬੈਠ ਕੇ ਕੀਰਤਨ ਵਿਚ ਜੁੜ ਕੇ ਓਹ ਗੁਰਮੁਖ ਜਨ ਆਪਣੇ ਸਮਰੱਥ ਸਾਹਿਬ ਵਾਹਿਗੁਰੂ ਨੂੰ ਸੇਂਵਦੇ ਸਿਮਰਦੇ ਹਨ। ਜਿਸ ਸਿਮਰਨ ਦੇ ਪਰਤਾਪ ਕਰ ਕੇ ਸਭ ਮੰਦ ਮਤਾਂ ਦੇ ਪਰਾਗੰਦਗੀ ਵਾਲਾ ਗੰਦ ਮੰਦ ਤਿਨ੍ਹਾਂ ਦੀ ਸ੍ਰਿਸ਼ਤ ਵਿਚੋਂ ਨਿਕਲ ਜਾਂਦਾ ਹੈ ਉਕਾ ਹੀ ਮਿਟ ਜਾਂਦਾ ਹੈ। ਸੰਤ ਮਤੇ ਵਾਲਾ ਗੁਰਮਤਿ ਨਾਮ ਰੂਪੀ ਬੇਦ ਪਤਿਤ ਉਧਾਰਨ ਪਾਰਬ੍ਰਹਮ ਕਹਾਉਂਦਾ ਹੈ। ਇਸੇ ਬੇਦ ਦਾ ਭਾਵ ਉਹੀ ਹੈ ਜੋ ਅਹਿਰਣ ਮਤਿ ਬੇਦ ਵਾਲੀ ਗੁਰਵਾਕ ਦੀ ਵਿਆਖਿਆ ਵਿਚ ਵਰਨਣ ਹੋ ਚੁਕਾ ਹੈ। ਦੇਖੋ ਪਿਛੇ ਕੀਤੀ ਗਈ ਵਿਆਖਿਆ।


**ਫੁਲਬਹਿਰੀ, ਸਫ਼ੈਦ ਦਾਗ਼ ਦਾ ਮੁਕੰਮਲ ਇਲਾਜ**

**ਫੁਲਬਹਿਰੀ, ਸਫ਼ੈਦ ਦਾਗਾਂ ਅਤੇ ਹੋਰ ਜਿਲਦੀ ਰੋਗਾਂ ਦੇ ਪੂਰੇ ਇਲਾਜ ਲਈ ਖ਼ਾਨਦਾਨੀ ਹਕੀਮ ਡਾ: ਐਚ. ਐਸ. ਕਟਾਰੀਆ ਨੂੰ ਮਿਲੋ ਜਿਨ੍ਹਾਂ ਦੇ ਇਲਾਜ ਨਾਲ ਸੈਂਕੜੇ ਲੋਕ ਫੁਲਬਹਿਰੀ ਦੇ ਰੋਗ ਤੋਂ ਛੁਟਕਾਰਾ ਪਾ ਚੁਕੇ ਹਨ**

ਸਾਡੀ ਦਵਾਈ ਫੁਲਬਹਿਰੀ ਦੇ ਰੋਗ ਨੂੰ ਜੜੋਂ ਹੀ ਖ਼ਤਮ ਕਰ ਕੇ ਸਰੀਰ ਦੀ ਚਮੜੀ ਨੂੰ ਆਪਣੇ ਰੂਪ ਵਿਚ ਲੈ ਆਉਂਦੀ ਹੈ। ਸੋ ਫੁਲਬਹਿਰੀ ਦੇ ਰੋਗੀਆਂ ਨੂੰ ਨਿਰਾਸ਼ ਹੋਣ ਦੀ ਲੋੜ ਨਹੀਂ।

ਹੇਠ ਲਿਖੇ ਪਤੇ ਤੇ ਮਿਲੋ ਜਾਂ ਚਿੱਠੀ ਪੱਤਰ ਰਾਹੀਂ ਦਵਾਈ ਮੰਗਾ ਸਕਦੇ ਹੋ।

ਡਾਕਟਰ ਐਚ. ਐਸ. ਕਟਾਰੀਆ

**ਕਟਾਰੀਆ ਸ਼ਫ਼ਾਖ਼ਾਨਾ**

**ਪੀਲੀ ਸੜਕ, ਰਾਘੋਮਾਜਰਾ, ਪਟਿਆਲਾ।**

ਨੋਟ—ਸਾਡੇ ਨਾਲ ਮਿਲਦੇ ਜੁਲਦੇ ਕਈ ਧੋਖੇਬਾਜ਼ਾਂ ਨੇ ਬੋਰਡ ਲਾ ਰਖੇ ਹਨ ਇਨ੍ਹਾਂ ਨਕਲਚੀਆਂ ਤੋਂ ਬਚੋ।


www.AKJ.Org

# ⟿ ਗੁਰਮਤਿ ਵਿਰਲਾ ਬੂਝੈ ਕੋਇ ⟿

(ਵਲੋਂ–ਪ੍ਰਿੰਸੀਪਲ ਮੇਹਰ ਸਿੰਘ ਜੀ ਡੇਹਰਾਦੂਨ (ਯੂ. ਪੀ.)

ਮਨੁਖ ਵਿਚ ਪੈਦਾਇਸ਼ ਸਮੇਂ ਤੋਂ ਹੀ, ਬਗੈਰ ਕਿਸੇ ਦੇ ਸਮਝਾਏ ਤੇ ਸਿਖਾਏ ਤਿੰਨ ਖਾਹਸ਼ਾਂ ਭਰੀਆਂ ਹੋਈਆਂ ਹਨ ਉਹ ਹਨ 'ਅਪਣੇ ਆਪ ਲਈ ਬੜਾ ਹੋਨ ਦਾ ਵਿਚਾਰ' ਇਜ਼ਤ ਪ੍ਰਾਪਤੀ, ਤੇ ਸ਼ਕਤੀਸ਼ਾਲੀ (ਹਰ ਕੰਮ ਕਰਨ ਦੀ ਯੋਗਤਾ ਰਖਨਾ) ਦੇ ਖਿਆਲ। ਇਨ੍ਹਾਂ ਤਿੰਨਾਂ ਖਿਆਲਾਂ ਨੇ ਮਨੁਖ ਨੂੰ ਚਕਰ ਵਿਚ ਪਾਕੇ ਜੀਵਨ ਭਰ ਫੁਟਬਾਲ ਬਨਾਇਆ ਹੋਇਆ ਹੈ। ਕੋਈ ਤਾਂ ਆਪਣੀ ਜ਼ਿੰਦਗੀ ਵਿਚ ਆਪਨਾ ਸਾਰਾ ਜ਼ੋਰ ਵਡਾ ਬਨਣ ਲਈ ਲਗਾ ਰਿਹਾ ਹੈ, ਕੋਈ ਕਿਸੇ ਯੋਗ ਯਾ ਅਯੋਗ ਤ੍ਰੀਕੇ ਨਾਲ ਇਜ਼ਤ ਪ੍ਰਾਪਤੀ ਲਈ ਦਾਅ ਪੇਚ ਖੇਡ ਰਿਹਾ ਹੈ, ਤੇ ਕੋਈ ਅਪਣੇ ਵਿਚ ਹਰ ਕੰਮ ਕਰਨ ਦੀ ਯੋਗਤਾ ਪੈਦਾ ਕਰਨ ਲਈ ਅੱਡੀ ਚੋਟੀ ਦੀ ਸ਼ਕਤੀ ਲਗਾ ਰਿਹਾ ਹੈ। ਠੀਕ ਹੈ ਅਗੇ ਵਧਨਾ, ਅਪਣੇ ਆਪ ਨੂੰ ਉਚਾ ਕਰਨਾ ਤੇ ਇਜ਼ਤ ਪ੍ਰਾਪਤ ਕਰਨ ਦੇ ਪ੍ਰਯਤਨ ਕਰਨਾ ਕੋਈ ਜੁਰਮ ਨਹੀਂ ਪਰ ਅਜ ਕਲ ਜੋ ਸਾਧਨ ਇਨ੍ਹਾਂ ਦੀ ਪ੍ਰਾਪਤੀ ਲਈ ਅਪਣਾਏ ਜਾ ਰਹੇ ਹਨ ਉਹ ਖੁਦਗਰਜ਼ੀ, ਦਿਖਾਵੇ ਤੇ ਪਰਪੰਚੀ ਦੀ ਪਾਨ ਚੜ੍ਹੀ ਹੋਈ ਹੋਨ ਕਰਕੇ ਮਨੁਖ ਨੂੰ ਅਹੰਕਾਰ ਵਿਚ ਛੇਤੀ ਹੀ ਫਸਾ ਦੇਂਦੇ ਹਨ ਜਿਸ ਕਰਕੇ ਅਪਣੇ ਮਕਸਦ ਦੀ ਪ੍ਰਾਪਤੀ ਤੋਂ ਮਗਰੋਂ ਵੀ ਮਨੁਖ ਅਪਣੇ ਆਪ ਨੂੰ ਉਹ ਕੁਝ ਸਮਝਨ ਲਗ ਪੈਂਦਾ ਹੈ ਜੋ ਕੁਝ ਕਿ ਉਹ ਹੁੰਦਾ ਨਹੀਂ। ਇਸੇ ਦਾ ਨਾਮ ਭੁਲੇਖਾ ਹੈ। ਕਈ ਤਾਂ ਸਾਰੀ ਉਮਰ ਇਸ ਭੁਲੇਖੇ ਵਿਚ ਹੀ ਗੁਜਾਰਦੇ ਹਨ। ਆਪ ਦੁਖੀ ਹੁੰਦੇ ਹੋਇ ਨਾਲਦਿਆਂ ਨੂੰ ਵੀ ਅਪਣੀ ਪਰਪੰਚੀ ਵਿਚ ਲਪੇਟ ਲੈਂਦੇ ਹਨ। ਇਹ ਸਭ ਕੁਝ ਧੋਖਾ ਹੈ, ਫਰੇਬ ਹੈ, ਵੈਹਮ ਹੈ ਤੇ ਝੂਠਾ ਖਿਆਲ ਹੈ ਤੇ ਕਚਾ ਪਨ ਹੈ ਤੇ ਅਸ਼ੁਧ ਵਿਚਾਰਧਾਰਾ ਦੇ ਅੰਦਰ ਹੈ।

ਠੀਕ ਇਹ ਹੀ ਹਾਲ ਲਿਖਾਰੀਆਂ ਦਾ ਹੈ, ਜ਼ਰਾ ਕੁ ਸਾਹਿਤਕ ਉਚਾਨ ਵਲ ਵਧੇ ਤੇ ਗੁਰਮਤਿ ਦੀ ਵਿਚਾਰ ਨੂੰ ਹਥ ਪਾ ਲਿਆ। ਪਰ ਆਪਣੇ ਅਮਲੀ ਜੀਵਨ ਨੂੰ ਗੁਰਮਤਿ ਦੇ ਅਨਕੂਲ ਨ ਬਣਾਇਆ। ਸੋ ਉਹਨਾਂ ਦੇ ਜੀਵਨ ਤਜਰਬੇ ਗੁਰਮਤਿ ਘਸਵੱਟੀ ਤੇ ਪਰਖੇ ਨ ਹੋਣ ਕਰਕੇ (ਮੈਂ ਵੀ ਉਹਨਾਂ ਵਿਚੋਂ ਹੀ ਹਾਂ, ਮੈਂ ਐਸਾ ਮਹਸੂਸ ਕਰਦਾ ਹਾਂ ਇਸ ਊਨਤਾਈਆਂ ਦੇ ਭਰੇ ਹੋਏ ਤੇ ਗੁਰੂ ਕ੍ਰਿਪਾ ਕਰੇ) ਉਹ ਗੁਰਮਤਿ ਲਿਖਾਰੀਆਂ ਦੀ ਸਟੇਜ ਤੇ ਨਹੀਂ ਪਹੁੰਚ ਸਕਦੇ। ਗੁਰਮਤਿ ਲਿਖਾਰੀ ਬਨਣ ਦੀ ਖਾਹਸ਼ ਕਰਨਾ ਬੜਾ ਸ਼ੁਭ ਹੈ। ਮੁਬਾਰਕ ਹੈ, ਸ਼ਲਾਘਾ ਯੋਗ ਹੈ। ਐਸਾ ਪਰਯਤਨ ਕਰਨਾ ਚਾਹੀਦਾ ਹੈ ਕਿਉਂ ਜੋ ਸਾਡਾ ਇਹ ਵੀ ਫ਼ਰਜ ਹੈ ਕਿ ਅਸੀਂ ਗੁਰਮਤਿ ਦੀ ਸੋਝੀ ਆਪਣੇ ਹੀ ਫਾਇਦੇ ਲਈ ਰਖੀਏ, ਆਉਣ ਵਾਲੀਆਂ ਨਸਲਾਂ ਨੂੰ ਵੀ (Pass on) ਕਰੀਏ। ਪਰ ਨਾਲ ਹੀ ਨਾਲ ਆਪਣੇ ਅਮਲੀ ਜੀਵਨ 'ਹੋਂਦੇ ਮਾਨ ਹੋਇ ਨਿਮਾਨਾ' ਨੂੰ ਮੁਖ ਰਖਕੇ ਢਾਲਿਆ ਜਾਏ। ਫੇਰ ਗੁਰੂ ਘਰ ਤੋਂ ਜ਼ਰੂਰ ਗੁਰਮਤਿ ਦੀ ਬਖਸ਼ਿਸ਼ ਦੀ ਪ੍ਰਾਪਤੀ ਹੋਵੇਗੀ। ਐਸਾ ਵਿਸ਼ਵਾਸ ਹੈ। ਗੁਰਮਤਿ ਲੇਖ ਲਿਖਨ ਵਾਲੇ ਤੇ ਗੁਰਮਤਿ ਗਿਆਤਾ ਮਾਫ ਕਰਨਗੇ ਜੇ ਇਹ ਕਹਿਨ ਦੀ ਗੁਸਤਾਖੀ ਕਰਾਂ ਕਿ 'ਕੋਈ ਵਿਰਲਾ



www.AKJ.Org

ਗੁਰਮਤਿ ਚ ਜੀਉ' ਦੇਲੈ ਮੁਤਾਬਕ ਥੋੜੇ ਹੀ ਗੁਰਮਤਿ ਵਿਚ ਪੂਰਾ ਗਿਆਨ ਪ੍ਰਾਪਤ ਕਰਦੇ ਹਨ। ਵੀਰੋ ਸ਼ੁਕਰਾਨੇ ਵਿਚ ਆਉ। ਤੇ ਥੋੜੀ ਬਹੁਤੀ ਗੁਰਮਤਿ ਸੋਝੀ ਵੀ ਮੁਬਾਰਕ ਹੈ।

ਆਉ, ਹੁਣ ਅਸੀਂ ਇਹ ਵਿਚਾਰੀਏ ਕਿ ਗੁਪਤ ਪ੍ਰਗਟ ਗੁਰਮਤਿ ਗਿਆਤਾ ਵਿਚੋਂ ਕੁਝ ਕੁ ਕੇਹੜੇ ਕੇਹੜੇ ਪ੍ਰਵਾਨ ਗੁਰਮਤਿ ਲਿਖਾਰੀ ਹੋਏ ਹਨ ਤਾਂ ਜੋ ਅਸੀਂ ਕਿਸੇ ਹਦ ਤਕ ਉਹਨਾਂ ਦੇ ਪੂਰਨਿਆਂ ਤੇ ਚਲਣ ਦਾ ਯਤਨ ਕਰ ਸਕੀਏ। ਦੁਨੀਆਂ ਦੀ ਕੋਈ ਚੀਜ਼ ਵੀ ਮਨੁਖੀ ਕੋਸ਼ਿਸ਼ ਅਗੇ ਮੁਸ਼ਕਲ ਨਹੀਂ। ਜੇ ਮਨੁਖ ਕੋਸ਼ਿਸ਼ ਕਰੇ ਤਾਂ ਪ੍ਰਾਪਤ ਕਰ ਸਕਦਾ ਹੈ ਪਰ 'ਇਹ ਕਿਨੇਹੀ ਦਾਤਿ ਆਪਸ ਤੇ ਜੋ ਪਾਈਐ, ਨਾਨਕ ਸਾ ਕਰਮਾਤਿ ਸਾਹਿਬ ਤੁਠੈ ਜੋ ਮਿਲੈ' ਦੇ ਭਾਵ ਨੂੰ ਸੋਚਦਿਆਂ ਹੋਇਆਂ ਇਹ ਕਿਹਾ ਜਾ ਸਕਦਾ ਹੈ ਕਿ ਗੁਰੂ ਦੇ ਤਰੁਠ ਕੇ ਦੇਨ ਦੇ ਤੁਲ ਕੋਈ ਹੋਰ ਦਾਤ ਨਹੀਂ ਹੋ ਸਕਦੀ।

ਸਭ ਤੋਂ ਪਹਿਲੋਂ ਉਹਨਾਂ ਗੁਰਸਿਖਾਂ ਨੂੰ ਯਾਦ ਕਰੀਏ ਜੋਹੜੇ ਕਿ ਗੁਰੂ ਸਾਹਿਬਾਨ ਦੇ ਸਮੇਂ ਹੋਏ ਹਨ ਉਹਨਾਂ ਵਿਚ ਸਰਬ ਸਰੇਸ਼ਟ, ਸਰਬ ਉਪਮਾ ਯੋਗ ਪੁਗ ਖਲੋਤੇ ਭਾਈ ਗੁਰਦਾਸ ਜੀ ਹੋਏ ਹਨ। ਜਿਨ੍ਹਾਂ ਦਾ ਨਾਉਂ ਸੁਣਦਿਆਂ ਹੀ ਸਤਿਕਾਰ ਵਜੋਂ ਗੁਰਸਿਖਾਂ ਦੇ ਸਿਰ ਝੁਕ ਜਾਂਦੇ ਹਨ। ਭਾਈ ਸਾਹਿਬ 'ਬੁਧੀ ਦੀ ਕੈਦ' ਤੋਂ ਕਿਧਰੇ ਬਹੁਤ ਹੀ ਉਚੇਰੀ ਉਡਾਨ ਵਾਲੇ ਮੰਡਲਾਂ ਵਿਚ ਵਿਚਰਦੇ ਸਨ। ਆਪਾ ਨਾ ਜਨਾਉਣ ਵਾਲੇ ਤੇ 'ਹੁਕਮੀ ਬੰਦੇ' ਸਨ। 'ਬੁਧੀ ਦੀ ਕੈਦ' ਤੋਂ ਭਾਵ ਗੁਰਸਿਖ ਅਭਿਆਸੀ ਦੀ ਉਹ ਹਾਲਤ ਹੈ। ਜਦੋਂ ਕਿ ਉਸਦੀ ਹਿਰਦੇ ਦੀ ਸੁਧਤਾ ਤੇ ਕੁਦਰਤ ਦੇ ਝਲਕਾਰੇ ਆਪ ਮੁਹਾਰੇ ਉਸਦੇ ਹਿਰਦੇ ਤੇ ਪੈਨ ਲਗਦੇ ਹਨ। ਉਸਦਾ ਹਿਰਦਾ ਹਲਕਾ ਤੇ ਉਤਸ਼ਾਹ ਪੂਰਨ ਹੋ ਕੇ ਬਾਹਰ ਨੂੰ ਖੁਲਨਾ ਚਾਹੁੰਦਾ ਹੈ। ਫੇਰ ਉਹ ਅਪਨੀ ਕਲਮ ਯਾ ਕਲਾਮ ਦਾ ਪ੍ਰਯੋਗ ਕਰਦਾ ਹੈ। ਇਹ ਸਮਾਂ ਉਸਦੀ ਚੜ੍ਹਦੀ ਕਲਾ ਦੀ ਨਿਸ਼ਾਨੀ ਦਾ ਸੂਚਕ ਹੈ, ਤੇ ਨਾਲ ਹੀ ਨਾਲ ਇਹ ਸਮਾਂ ਗੁਰਸਿਖ ਲਈ ਗਿਰ ਜਾਨ ਵਾਲੀ ਮੁਸ਼ਕਲ ਵੀ ਪੈਦਾ ਕਰ ਸਕਦਾ ਹੈ ਤੇ ਜ਼ਰੂਰ ਕਰ ਵੀ ਦੇਂਦਾ ਹੈ। ਜੇ ਸਿਖ ਸਾਵਧਾਨ ਰਹੇ ਤਾਂ ਪੌਂਬਾਰਾਂ ਨਹੀਂ ਤਾਂ ਮੁਆਮਲਾ ਚੋਪਟ। ਜਦੋਂ ਫੇਰ ਸਿਖ ਲਿਖਾਰੀ ਬਨ ਕੇ ਯਾ ਵਕਤਾ ਬਣ ਕੇ ਅਪਣੇ ਹਿਰਦੇ ਦੀ ਮਸਤੀ ਤੇ ਗਿਆਨ ਦਾ expression ਕਰਦਾ ਹੈ। ਜੇ ਉਹ ਫਸਿਆ ਰਹਿਆ ਤੇ ਲੋਕ ਪ੍ਰਸਨਸਾ ਦਾ ਨਿਘ ਲੈਂਦਾ ਰਿਹਾ ਤਾਂ ਇਹ ਉਸ ਲਈ 'ਬੁਧੀ ਦੀ ਕੈਦ' ਹੈ। ਉਸਦੀ ਅੰਦਰਲੀ ਚਾਲ ਕੁਝ ਰੁਕ ਜਾਂਦੀ ਹੈ ਤੇ ਸਮਾਂ ਪਾ ਕੇ ਰੁਕਦੀ ਰੁਕਦੀ ਪੂਰੀ ਤਰ੍ਹਾਂ ਰੁਕ ਜਾਂਦੀ ਹੈ ਤੇ ਸਿਖ ਖਾਲੀ ਹੋ ਜਾਂਦਾ ਹੈ। ਪਰ ਪਕਾ ਸਾਧਕ ਜੋ ਗੁਰੂ ਉਟ ਆਸਰੇ ਹੁਦਾ ਹੈ ਇਥੇ ਅਰਦਾਸਾਂ ਕਰਦਾ ਹੈ ਕਿ ਹੇ ਵਾਹਿਗੁਰੂ ਬੁਧੀ ਯਾ ਅਕਲ ਦਾ ਐਸਾ ਉਦਗਾਰ ਨ ਦੇਵੀਂ ਜੇਹੜਾ ਤੇਰੇ ਨਾਲੋਂ ਨ ਵਿਛੋੜੇ ਸਦਾ ਜੋੜੀ ਹੀ ਰਖੇ।

ਸੋ ਇਸ ਪੜਾਂਅ ਤੋਂ ਅਗੇ ਬਚ ਕੇ ਲੰਘ ਜਾਣ ਵਾਲੇ ਅੰਤਰ ਮੁਖੀ ਤੇ ਨਾਮ ਰਸੀਏ ਆਪਣੀ ਲਿਵ ਤੇ ਟੇਕ ਨੂੰ ਨਹੀਂ ਛਡਦੇ। ਉਹ ਬੁਧੀ ਦੀ ਨ੍ਰਿਤਕਾਰੀ ਨੂੰ ਹਵਾ ਦੀ ਅਨ੍ਹੇਰੀ ਸਮਝਦੇ ਹਨ ਤੇ ਇਸ ਨੂੰ 'ਗੋਸਾਈ ਦੇ ਪਹਿਲਵਾਨੜੇ' ਵਾਂਙ ਪਾਰ ਕਰ ਅਪਣੀ ਸਚੀ ਪ੍ਰੀਤ ਗੁਰਦੇਵ ਨਾਲ ਜੋੜੀ ਰਖਦੇ ਹਨ। ਮਾਨ ਤੋਂ ਰਹਿਤ ਹੋਣ ਕਰਕੇ ਉਹਨਾਂ ਉਤੇ ਗੁਰੂ ਮਹਾਰਾਜ ਦੀਆਂ ਬਖਸ਼ਿਸ਼ਾਂ ਤੇ ਮਿਹਰਾਂ ਹਰ ਸਮੇਂ ਆਪ ਮੁਹਾਰੀਆਂ ਹੀ ਵਸਦੀਆਂ ਰਹਿੰਦੀਆਂ ਹਨ। ਐਸੀਆਂ ਰੂਹਾਂ ਗੁਰਮਤਿ ਲਿਖਾਰੀ ਹੁੰਦੀਆਂ ਹਨ ਤੇ ਇਨ੍ਹਾਂ ਨੂੰ ਹੀ ਗੁਰੂ ਬਖਸ਼ੇ ਗਿਆਨ ਦੇ ਪ੍ਰਚਾਰ ਦਾ ਹਕ ਹੁੰਦਾ ਹੈ।

ਵਿਚਾਰਧਾਰਾ ਤੋਂ ਦੂਰ ਜਾਨ ਦੇ ਭੈ ਕਰਕੇ ਫਿਰ ਭਾਈ ਗੁਰਦਾਸ ਜੀ ਨੂੰ ਯਾਦ ਕਰਨਾ ਉਚਿਤ ਹੋਵੇਗਾ ਸਤਿਕਾਰ ਯੋਗ ਭਾਈ ਸਾਹਿਬ ਗੁਰਸਿਖੀ ਦੇ ਵੇਦ ਵਿਆਸ' ਤੇ ਗੁਰਮਤਿ ਫਿਲਾਸਫੀ ਤੇ ਅਸਲੀ ਮੋਢੀ ਪਰਚਾਰਕ ਸਨ। ਆਪਣੀ ਰਚੀ ਬਾਣੀ ਦਾ ਕੁਛਕੁ ਤਿਨਕਾ ਭਰ ਮਾਨ ਦਾ ਹਮਲਾ ਇਨ੍ਹਾਂ ਤੇ ਅਚਨਚੇਤ ਹੀ ਹੋਇਆ। 'ਸੁਜਾਨ ਵੈਦ' ਸਾਹਿਬ ਸ੍ਰੀ ਗੁਰੂ ਅਰਜਨ ਦੇਵ ਪੰਚਮ ਪਾਤਸ਼ਾਹ ਨੇ ਆਪਣੇ ਲਾਡਲੇ



www.AKJ.Org

ਸਿਖ ਦਾ ਹਉਮੈ ਦਾ ਕੰਡਾ ਕਢਣ ਲਈ ਚੋਜ ਵਰਤਾਇਆ। ਬਨਾਰਸ ਵਿਚ ਲੁਕ ਛਿਪ ਕੇ ਜਾ ਕੇ ਕਈ ਵਿਦਵਾਨ ਪੰਡਤਾਂ ਤੇ ਉਥੋਂ ਦੇ ਰਾਜੇ ਨੂੰ ਅਪਣੀ ਵਿਦਵਤਾ ਦੀ ਸ਼ਕਤੀ ਨਾਲ ਅਪਣਾ ਸ਼ਿਸ਼ ਬਣਾ ਲਿਆ ਤੇ ਉਥੇ ਹੀ ਕਥਾ ਤੇ ਉਪਦੇਸ਼ ਕਰਦੇ ਰਹੇ। ਗੁਰੂ ਮਹਾਰਾਜ ਦਾ ਆਪਣੇ ਸਿਖ ਰਾਹੀਂ ਹੁਕਮਨਾਮਾ ਪਹੁਚਣ ਤੇ ਕਿ 'ਸਾਡਾ ਚੋਰ ਬਨਾਰਸ ਵਿਚ ਹੈ' ਭਾਈ ਗੁਰਦਾਸ ਜੀ ਨੇ ਉਜ਼ਰ ਨਹੀਂ ਕੀਤਾ ਤੇ ਆਪਣੀ ਹਥੀਂ ਅਪਣੀਆਂ ਮੁਸ਼ਕਾਂ ਬੰਨ੍ਹ ਕੇ ਸਿਖ ਦੇ ਅਗੇ ਲਗ ਟੁਰੇ। ਧੰਨ ਭਾਈ ਗੁਰਦਾਸ ਜੀ, ਆਪ ਧੰਨ ਹੋ, ਤੇ ਆਪ ਦੀ ਕਮਾਈ ਵੀ ਧੰਨ ਹੈ। 'ਹਉਮੈ ਬੂਝੈ ਤਾ ਦਰ ਸੂਝੈ' ਦਾ ਅਮਲੀ ਤੌਰ ਤੇ ਨਕਸ਼ਾ ਖਿਚ ਕੇ ਵਿਖਾ ਦਿਤਾ ਤੇ ਆਪਣੇ ਵਿਦਵਾਨ ਹੋਣ ਤੇ ਮਾਨ ਨੂੰ ਸੁਟ ਘਤਿਆ। ਦੁਨੀਆਵੀ ਰਿਸ਼ਤੇ ਭਾਈ ਸਾਹਿਬ ਪੰਚਮ ਪਾਤਸ਼ਾਹ ਜੀ ਦੇ ਮਾਮਾ ਜੀ ਸਨ।

ਗੁਰੂ ਉਪਦੇਸ਼ ਦੇ ਅਧਿਕਾਰੀ ਐਸੇ ਹੀ ਸਿਧ ਪੁਰਸ਼ ਹੁਦੇ ਹਨ ਇਹਨਾਂ ਦੇ ਬਚਨ ਹੀ ਜੀਵਨ ਪਲਟਾਊ ਹੁੰਦੇ ਹਨ। ਐਸੀਆਂ ਰੂਹਾਂ ਆਪਣੇ ਆਪ ਨੂੰ ਕੇਵਲ ਪੋਸਟ ਬਕਸ ਹੀ ਸਮਝਦੀਆਂ ਹਨ ; ਇਨ੍ਹਾਂ ਦੇ ਸ਼ੁਭ ਵਿਚਾਰ ਹੀ 'ਹਉ ਅ ਪੋ ਬੋਲ ਨ ਜਾਨਦਾ, ਮੈ ਕਹਿਆ ਸਭ ਹੁਕਮਾਉ ਜੀਉ' ਦੇ ਤਰਾਜ਼ੂ ਤੇ ਪੂਰੇ ਉਤਰਦੇ ਹਨ। ਆਪਣੇ ਲੇਖ ਨੂੰ ਮਾਲਕ ਦਾ ਹੁਕਮ ਸਮਝਦੇ ਹਨ ਤੇ ਇਕ ਢੰਡੋਰਚੀ ਦਾ ਪਾਰਟ ਹੀ ਅਦਾ ਕਰਕੇ, ਗੁਰਦੇਵ ਇਸ਼ਟਮ ਦੀ ਪ੍ਰਸੰਨਤਾ ਦੇ ਜਾਚਕ ਬਣੇ ਰਹਿੰਦੇ ਹਨ।

ਦੂਸਰੇ ਸਤਿਕਾਰ ਯੋਗ ਗਿਆਨੀ ਮਨੀ ਸਿੰਘ ਜੀ ਸਨ। ਇਹ ਪਵਿਤ੍ਰ ਆਤਮਾ ਗਿਆਨੀਆਂ ਦੇ ਮੋਢੀ ਤੇ ਦਸਮੇਸ਼ ਪਿਤਾ ਜੀ ਦੇ ਸਖਾ–ਸਿਖ ਸਨ। ਗੁਰਬਾਣੀ ਦੀ ਤਰਤੀਬ ਕਰਨ ਦੀ ਵਿਚਾਰ ਤੇ ਭਗਤਾਂ ਦੀ ਬਾਣੀ ਨੂੰ ਅੱਡ ਕਿਉਂ ਨ ਲਿਖ ਦਿਤਾ ਜਾਵੇ; ਦੀ ਦਲੀਲ ਦੇ ਇਤਨੇ ਕਾਇਲ ਹੋਏ ਕਿ ਇਸਨੂੰ ਗੁਰੂ ਦਾ ਹੁਕਮ ਸਿਖ ਦੀ ਜ਼ਬਨ ਤੋਂ ਸਮਝਿਆ ਤੇ ਸ਼ਹੀਦੀ ਸਮੇਂ ਅਪਣੇ ਅੰਗ ਅੰਗ ਕਟਣ ਲਈ ਜਲਾਦ ਨੂੰ ਕਿਹਾ ਮਤਾਂ ਕਿਧਰੇ ਗੁਰਸਿਖ ਦੇ ਹੁਕਮ ਦੀ ਪਾਲਨਾ ਵਿਚ ਕੋਤਾਹੀ ਹੋ ਜਾਵੇ। ਆਪ ਜੀ ਨੇ ਆਪਣੇ ਸਮੇਂ ਦੇ ਜਥੇਦਾਰ ਗਿਆਨੀ ਤੇ ਗੁਰ-ਸਮੀਪ ਹੋਣ ਦੇ ਮਾਨ ਦਾ ਜ਼ਰਾ ਵੀ ਖ਼ਿਆਲ ਨਹੀਂ ਕੀਤਾ। ਧੰਨ ਬ੍ਰਹਮਗਿਆਨੀ ਤੇ ਧੰਨ ਉਸਦੇ ਮਨ ਦਾ ਨੀਵਾਪਨ !!

ਫੇਰ ਸਤਿਕਾਰਯੋਗ ਭਾਈ ਸੰਤੋਖ ਸਿੰਘ ਜੀ ਹੋਏ ਹਨ ਜਿਨ੍ਹਾਂ ਦੀ ਰਚਨਾ 'ਸੂਰਜ ਪ੍ਰਕਾਸ਼' ਹੈ ਇਸ ਪਵਿਤ੍ਰ ਰੂਹ ਨੂੰ ਸਾਹਿਬ ਦਸਮੇਸ਼ ਪਿਤਾ ਜੀ ਦੇ ਪ੍ਰਤੱਖ ਦਰਸ਼ਨ ਹੋਏ। ਮਹਾਰਾਜ ਨੇ ਗੁਰ ਇਤਿਹਾਸ ਲਿਖਣ ਦੀ ਸੇਵਾ ਲਈ ਹੁਕਮ ਦਿਤਾ। ਇਹਨਾਂ ਨੇ ਜਦ ਲਿਖਣ ਦਾ ਕੰਮ ਸਮਾਪਤ ਕਰ ਲਿਆ। ਸਿਰ ਤੇ ਗ੍ਰੰਥ ਰਖ ਕੇ ਨੰਗੀ ਪੈਰੀ ਪੈਦਲ ਸ੍ਰੀ ਹਰਮੰਦਰ ਸਾਹਿਬ ਪਹੁੰਚੇ ਤੇ ਪੇਸ਼ ਕਰਦਿਆਂ ਹੋਇਆਂ ਅਰਦਾਸਾ ਕਰਵਾਇਆ ਕਿ 'ਇਕ ਅਵਗੁਨਿਆਰੇ ਤੋਂ ਜੋ ਸੇਵਾ ਆਪ ਜੀ ਨੇ ਲਈ ਹੈ, ਆਪ ਜੀ ਦੇ ਪੇਸ਼ ਹੈ, ਪ੍ਰਵਾਨ ਹੋਵੇ। ਅਗੋਂ ਤੋਂ ਸੁਮੱਤ ਤੇ ਸਿਖੀ ਦੀ ਦਾਤ ਬਖਸ਼ੋ' ਇਹ ਦੁਨੀਆਂ ਵਿਚ ਰਚਨਾ ਦੇ ਤੌਰ ਤੇ ਸਭ ਤੋਂ ਮਹਾਨ ਕਵੀ ਮੰਨੇ ਗਏ ਹਨ। ਹਰੇਕ ਗ੍ਰੰਥ ਦੇ ਹਰੇਕ ਅਧਿਯਾਏ ਦੇ ਅੰਤ ਵਿਚ ਗੁਰੂ-ਮੰਗਲ ਤੇ ਅਪਣੀ ਨੀਚਤਾ ਦਾ ਵਰਨਣ ਕੀਤਾ ਹੈ। ਇਨ੍ਹਾਂ ਦਾ ਜੀਵਨ ਤੇ ਜੀਵਨ-ਕਾਰ ਧੰਨਤਾ ਯੋਗ ਹੈ।

ਇਸ ਸਮੇਂ ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਹੋਇ ਹਨ। ਇਨ੍ਹਾਂ ਨੇ ਭਾਈ ਸਾਹਿਬ ਭਾਈ ਸੰਤੋਖ ਸਿੰਘ ਜੀ ਦੇ ਜੀਵਨ ਤੇ ਰਚਨਾਵਾਂ ਤੋਂ ਪ੍ਰੇਰਨਾ ਲਈ ਤੇ ਨਕਸ਼ੇ-ਕਦਮ ਤੇ ਚਲਨ ਦੀ ਕੋਸ਼ਿਸ਼ ਕੀਤੀ ਇਤਨੇ ਨਿਰਮਾਨ, ਇਤਨੇ ਲੁਕੇ ਰਹਿਣ ਦੀ ਇਨਾਂ ਨੂੰ ਬਾਣ (ਆਦਤ) ਸੀ ਕਿ ਇਨ੍ਹਾਂ ਨੇ ਕਿਸੇ ਪੁਸਤਕ ਤੇ (ਸਵਾਇ ਪਹਿਲੀ ਤੇ) ਅਪਣਾ ਕਰਤਾ ਹੋਣ ਦਾ ਨਾਮ ਨਹੀਂ ਲਿਖਿਆ ਤੇ ਕਦੀ ਵੀ ਅਪਨੇ ਦਿਖਾਵੇ ਤੇ ਪਰਪੰਚ ਦੇ ਪਰਚਾਰ ਲਈ ਉਦਮ ਨਹੀਂ ਕੀਤਾ। ਦਿਖਾਵਾ ਤੇ ਪਰਪੰਚ ਉਡਦੇ ਬਦਲਾਂ ਵਾਂਙੂ ਥੋੜੀ ਜੇਹੀ ਠੰਡ ਜ਼ਰੂਰ ਦੇ ਜਾਂਦੇ ਹਨ ਪਰ ਅਸਲੀ ਠੰਡ ਤੇ ਵਰਸ਼ਾ ਘੁਲੇ ਹੋਇ ਇਕ-ਸਾਰ ਬਦਲ ਹੀ ਕਰ ਸਕਦੇ ਹਨ।

ਸਤਿਕਾਰਯੋਗ ਭਾਈ ਸਾਹਿਬ ਭਾਈ ਕਾਹਨ


www.AKJ.Org

ਸਿੰਘ ਜੀ ਨਾਭਾ ਵੀ ਇਸੇ ਸ਼੍ਰੇਣੀ ਦੇ ਸਨ। ਇਨ੍ਹਾਂ ਦੀਆਂ ਗੁਰਮਤਿ ਸੰਬੰਧੀ ਰਚਨਾਵਾਂ ਗੁਰਮਤਿ ਦੀਆਂ ਕਾਨੂਨੀ ਪੁਸਤਕਾਂ ਹਨ। 'ਗੁਰਮਤਿ ਪ੍ਰਭਾਕਰ' ਤੇ 'ਗੁਰਮਤਿ ਸੁਧਾਕਰ' ਤੇ 'ਮਹਾਂ ਕੋਸ਼' ਇਕ (authority books) ਮੰਨੀਆਂ ਜਾਂਦੀਆਂ ਹਨ। ਇਨ੍ਹਾਂ ਨੇ ਜੋ ਖੋਜ ਗੁਰਬਾਣੀ, ਕਵਿਤਾ ਤੇ ਰਾਗ ਸੰਬੰਧੀ ਕੀਤੀ ਹੈ ਉਹ ਹਮੇਸ਼ਾ ਰਹਿਣ ਵਾਲੀ ਹੈ। ਆਪ ਜੀ ਵੀ ਕਿਸੇ ਕਿਸਮ ਦੀ ਪਰਪੰਚੀ ਤੇ ਦਿਖਲਾਵੇ ਦੇ ਚਕਰ ਵਿਚ ਨਹੀਂ ਪਏ। ਗੁਰੂ ਘਰ ਦੀ ਸੇਵਾ ਨੂੰ ਜੀਵਨ ਆਧਾਰ ਸਮਝਿਆ।

ਇਨ੍ਹਾਂ ਤੋਂ ਬਾਅਦ ਗੁਰੂ ਵਰਸਾਏ, ਕੀਰਤਨ ਰਸੀਏ, ਨਾਮ ਅਭਿਆਸੀ ਤੇ ਪੂਰਨ ਗੁਰਸਿਖ, ਭਾਈ ਸਾਹਿਬ ਭਾਈ ਰਣਧੀਰ ਸਿੰਘ ਹੋਇ ਹਨ। ਇਹ ਭਾਵੇਂ ਮਹਾਂ ਤੇਜਸਵੀ ਤੇ ਅਕਾਲੀ ਫੂਲਾ ਸਿੰਘ ਜੀ ਦੀ ਰੂਹ ਰਖਣ ਵਾਲੇ ਸਨ ਪਰੰਤੂ ਅੰਦਰੋਂ ਅਤਿ-ਯੰਤ ਨਿਰਮਾਨ ਤੇ ਪਿਆਰ ਕਰਨ ਵਾਲੇ ਸਨ। ਗੁਰਸਿਖੀ ਪਿਆਰ ਇਨ੍ਹਾਂ ਦੇ ਅੰਦਰ ਠਾਠਾਂ ਮਾਰਦਾ ਰਹਿੰਦਾ ਸੀ, ਇਨ੍ਹਾਂ ਦੀ ਮਰਯਾਦਾ ਇਹ ਵੀ ਰਹੀ ਸੀ ਕਿ ਜਦ ਗੁਰਸਿਖ ਤੋਂ ਵਿਛੜਨਾ, ਹਰ ਇਕ ਨੂੰ ਅਪਣੀ ਗਲਵਕੜੀ ਵਿਚ ਲੈ ਕੇ ਛਾਤੀ ਨਾਲ ਲਾਉਣਾ। ਉਹ ਰਸ ਆਉਂਦਾ ਸੀ ਕਿ ਬਰਕੰਮਨੀ ਸਰੀਰ ਵਿਚ ਛਿੜ ਜਾਂਦੀ ਸੀ ਕਿ ਪ੍ਰੇਮੀ ਸਿਖ ਕਿਨਾਂ ਹੀ ਚਿਰ ਮਦਹੋਸ਼ ਅਪਨੀ ਥਾਂ ਤੇ ਖੜਾ ਹੀ ਰਹਿੰਦਾ ਸੀ। ਲੂੰ ਲੂੰ ਖਿੜ ਜਾਂਦਾ ਸੀ। ਆਪ ਜੀ ਪਾਖੰਡ ਤੇ ਪਰਪੰਚ ਦੇ ਬਹੁਤ ਹੀ ਖਿਲਾਫ ਸਨ। ਇਨ੍ਹਾਂ ਜੈਸਾ ਕੱਟੜ ਗੁਰਸਿਖ ਹੋਣਾ ਮੁਸ਼ਕਲ ਹੈ। ਇਕ ਵਾਰੀ ਕਰਨਲ ਪਿਆਰਾ ਸਿੰਘ ਜੀ ਨੇ, ਜੋ ਕਿ ਗੁਰੂ ਸਾਹਿਬ ਦੇ ਮਤਵਾਲੇ ਤੇ ਡਿਸਪਲਨੀ ਸਿਖ, ਤੇ ਦੂਜਿਆਂ ਦੇ ਦੁਖ ਨੂੰ ਅਪਣੇ ਸਰੀਰ ਤੇ ਝਲਨ ਵਾਲੇ ਪਰਉਪਕਾਰੀ ਸਿਖ ਸਨ, ਜਥੇ ਦਾ ਸਮਾਗਮ ਪਹਿਲੀ ਵਾਰ ਲਖਨਊ ਰਖਿਆ। ਇਕ ਦੋ ਕੀਰਤਨਾਂ ਤੋਂ ਬਾਅਦ ਕਰਨਲ ਸਾਹਿਬ ਨੇ ਇਕ ਸਿਖ ਨੂੰ ਕਹਿਆ ਕਿ ਆਪ ਭਾਈ ਸਾਹਿਬ ਜੀ ਦੀ ਜਾਨ-ਪਹਿਚਾਨ ਵਜੋਂ ਸੰਗਤ ਵਿਚ ਕੁਛ ਕਹਿ ਦੇਣਾ। ਦੀਵਾਨ ਮਗਰੋਂ ਗੁਰਸਿਖ ਪਿਆਰੇ ਨੇ ਅਜੇ ਦੋ ਤਿੰਨ ਫਿਕਰੇ ਹੀ ਕਹੇ ਹੋਨਗੇ ਤੇ ਜਦ ਭਾਈ ਸਾਹਿਬ ਜੀ ਦੀ ਕਰਨੀ ਤੇ ਤਪਸਿਆ ਬਾਬਤ ਕਹਿੰਦਿਆ ਹੋਇਆ ਕੁਝ ਵਡਿਆਈ ਕਰਨ ਲਗਾ ਤਾਂ ਭਾਈ ਸਾਹਿਬ ਨੇ ਅਪਨੇ ਆਪ ਉਸੇ ਵੇਲੇ ਟੋਕ ਦਿਤਾ ਕਿ 'ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਇਕ ਨਾ-ਚੀਜ਼ ਸਿਖ ਦੀ ਉਸਤਤ ਕਰਦੇ ਹੋ ਇਹ ਕਿਥੋਂ ਦੀ ਗੁਰਮਤਿ ਹੈ' ਅਗੇ ਬਗੈਰ ਕੁਝ ਕਹੇ ਸੁਣੇ 'ਤੂ ਠਾਕਰ ਤੁਮ ਪਹਿ ਅਰਦਾਸ' ਦੀ ਤੁਕ ਪੜ੍ਹਕੇ ਸੰਗਤ ਨੂੰ ਅਰਦਾਸੇ ਲਈ ਸਾਵਧਾਨ ਕਰ ਦਿਤਾ। ਸੰਗਤ ਹਕੀ ਬਕੀ ਰਹਿ ਗਈ। ਇਨ੍ਹਾਂ ਦੀਆਂ ਪੁਸਤਕਾਂ ਗੁਰਮਤਿ ਨਾਮ ਅਭਿਆਸ ਕਮਾਈ, ਜੋਤ ਵਿਕਾਸ ਤੇ ਜੇਹਲ ਚਿਠੀਆਂ ਤੇ ਹੋਰ ਵੀ ਕਈ ਪੁਸਤਕਾਂ ਗੁਰਮਤਿ ਲਈ ਰੋਸ਼ਨੀ ਮੁਨਾਰੇ ਹਨ।

ਉਪਰ ਲਿਖੇ ਪਰਮਾਨਾਂ ਤੋਂ ਗੁਰਮਤਿ ਲਿਖਾਰੀਆਂ ਦੇ ਜੀਵਨਾਂ ਵਲ ਇਸ਼ਾਰਾ ਹੈ ਸੋ ਜਿਥੇ ਗੁਰਮਤਿ ਲੇਖ ਦਾ ਸ਼ੁਭ ਵਿਚਾਰ ਆਵੇ ਉਥੇ ਨਾਲ ਹੀ ਨਾਲ ਸਾਨੂੰ ਉਪਰਾਲਾ ਕਰਦਿਆਂ ਹੋਇਆਂ ਉਨ੍ਹਾਂ ਪਵਿਤ੍ਰ ਰੂਹਾਂ ਦੇ ਜੀਵਨ ਦਾ ਧਿਆਨ ਜ਼ਰੂਰ ਕਰ ਲੈਣਾ ਚਾਹੀਦਾ ਹੈ ਤਾਂ ਜੋ ਸਾਨੂੰ ਵੀ ਠੀਕ ਪਰੇਰਨਾ ਮਿਲ ਸਕੇ। ਕਿਉਂ ਜੋ ਸੌਦਾ ਤੇ ਕਰਨਾ ਹੋਇਆ ਲਾਹੇ ਲਈ, ਕਿਧਰੇ ਉਲਟਾ ਕਸਾਰਾ ਹੋ ਜਾਵੇ ਤਾਂ ਕੀ ਖਟਿਆ ?

ਸੋ ਬੇਨੰਤੀ ਵਜੋਂ ਇਹ ਫੇਰ ਦੋਹਰਾਇਆ ਜਾ ਰਿਹਾ ਹੈ ਕਿ ਦੂਜੇ ਲਿਖਾਰੀ ਤਾਂ ਆਪਣੇ ਵਾਸਤੇ ਆਪਣੇ ਪਰਾਂ (ਮਨ ਤੇ ਬੁਧੀ ਦੀ ਉਡਾਨ) ਤੇ ਉਡਦੇ ਹਨ, ਪਰ ਗੁਰਮਤਿ ਲਿਖਾਰੀ ਸਮਰਥਾ ਰਖਦਿਆਂ ਹੋਇਆਂ ਸਿਰਫ ਗੁਰਦੇਵ ਦੇ ਆਸਰੇ ਹੀ ਉਡਦਾ ਹੈ ਤੇ ਬਖਸ਼ੀ ਹੋਈ ਮਾਨ ਵਡਿਆਈ ਨੂੰ ਉਸੇ ਦੀ ਹੀ ਅਮਾਨਤ ਸਮਝ ਕੇ ਦਾਸ-ਭਾਵ ਵਿਚ ਹੀ ਰਹਿੰਦਾ ਹੈ। ਗੁਰੂ ਮਹਾਰਾਜ ਅਗੇ ਅਰਦਾਸ ਹੈ ਕਿ ਉਹ ਸਭ ਐਸੇ ਲਿਖਾਰੀਆਂ ਨੂੰ ਸੁਮਤ ਬਖਸ਼ੇ ਤੇ ਅਹੰਕਾਰ ਤੇ ਪਰਪੰਚੀ ਤੋਂ ਬਚਾਕੇ ਉਹਨਾਂ ਤੋਂ ਸਵਾ ਲਵੇ ਤਾਂ ਫਿਰ ਗੁਰਵਾਕ ਅਨੁਸਾਰ:— *



www.AKJ.Org

# ਖਾਲਸਾ ਮੇਰੋ ਸਜਨ ਸੂਰਾ

(ਵਲੋਂ—ਜੀ. ਬੀ. ਸਿੰਘ, ਨਾਰਦਰਨ ਰੇਲਵੇ, ਡੇਹਰਾਦੂਨ)

ਰਾਤ ਰਾਣੀਏ! ਤੂੰ ਕਿਉਂ ਅਖਾਂ ਬੰਦ ਕਰ ਲਈਆਂ ਹਨ? ਐਡਾ ਡਰਾਉਣਾ ਸਮਾਂ! ਤੇਰੀ ਇਸ ਭਿਆਨਕ ਸ਼ਕਲ ਨੂੰ ਤਕ ਕੇ ਬਦਲ ਵੀ ਫਟ ਰਹੇ ਹਨ। ਬਿਜਲੀ ਵਾਰ ਤੇ ਵਾਰ ਕਰੀ ਜਾ ਰਹੀ ਹੈ। ਜਾਵਾਂ ਤੇ ਕਿਥੇ ਜਾਵਾਂ? ਸੁਣਿਆ ਹੈ ਕਿ ਰਾਹੂ ਤੇ ਕੇਤੂ ਜਦ ਸੂਰਜ ਨੂੰ ਗ੍ਰਹਸਦੇ ਹਨ ਤਦ ਚੰਦਰਮਾ ਰੂਪ ਵਟਾਉਂਦਾ ਹੈ। ਪਰ ਹੁਣ ਤਾਂ ਉਸਦਾ ਵੀ ਪਤਾ ਨਹੀਂ ਲਗ ਰਿਹਾ। ਅਜ ਕਿਥੇ ਚਲਾ ਗਿਆ। ਅਜ ਇਓਂ ਪਰਤੀਤ ਹੁੰਦਾ ਹੈ ਕਿ ਉਹ ਵੀ ਕਿਸੇ ਦੀ ਪੀੜਤਾ ਨਹੀਂ ਸਹਾਰ ਸਕਿਆ। ਧਰਤੀ ਵੀ ਨਾ ਜਰ ਸਕਣ ਦੇ ਕਾਰਨ ਕੰਬ ਰਹੀ ਹੈ। ਪਵਨ ਨੇ ਵੀ ਇਕ ਐਸਾ ਬੂਟਾ ਦਿਤਾ ਕਿ ਨਾ ਮੈਂ ਰਿਹਾ ਤੇ ਨਾ ਮੇਰਾ ਆਸ਼ਰਮ। ਯੁਵ ਅਵਸਥਾ ਖੋਈ ਗਈ ਕੁਕਰਮਾਂ ਵਿਚ, ਨਾ ਧਨ ਰਿਹਾ ਨਾ ਮਾਲ। ਸਨਿਆਸ ਧਾਰਿਆਂ ਸੀ ਜੀਵਨ ਨੂੰ ਉਚੇਰੇ ਕਰਨ ਲਈ ਤੇ ਨਾਲ ਹੀ ਆਤਮਕ ਸ਼ਾਂਤੀ ਲਈ ਤੇ ਆਤਮਕ ਗਿਆਨ ਲਈ ਇਸ ਬੀਆਬਾਨ ਜੰਗਲ ਦੀ ਨੁਕਰ ਵਿਚ, ਕਾਨਿਆਂ ਦੀ ਕੁਲੀ ਵਿਚ ਰਹਿਣਾ ਪਸੰਦ ਕੀਤਾ। ਪਰ ਹੁਣ ਤਾਂ ਇਹ ਕੁਲੀ ਵੀ ਜਾਂਦੀ ਰਹੀ। ਇਹਨਾਂ ਵੈਹਣਾਂ ਵਿਚ ਡੁਬਾ ਤੁਰੀ ਜਾ ਰਿਹਾ ਸੀ ਤੇ ਦਿਸ ਕੁਝ ਨਹੀਂ ਸੀ ਰਿਹਾ। ਸਹਿਮੇ ਹੋਏ ਦਿਲ ਵਿਚੋਂ ਆਵਾਜ਼ ਨਿਕਲੀ।' ਰਾਤ ਰਾਣੀਏ! ਅਖਾਂ ਖੋਲ੍ਹ ਰਾਹ ਦਸ ਤਾਂ ਜੋ ਕਿਧਰੇ ਮੰਜ਼ਲ ਤੇ ਪੁਜਾਂ। ਤੁਰੀ ਜਾਂਦਾ ਹਾਂ, ਤੁਰੀ ਜਾਂਦਾ ਹਾਂ, ਇਕ ਥਾਂ ਤੇ ਪੰਜ ਤੱਤਾਂ ਦਾ ਪੁਤਲਾ ਸਵਾਸਾਂ ਨੂੰ ਛਡੀ ਬੈਠਾ ਹੈ। ਲਹੂ ਵਿਚ ਲਿਬੜਿਆ ਹੋਇਆ ਹੈ, ਉਸ ਨਾਲ ਅਚਾਨਕ ਠੋਕਰ ਵਜੀ। ਇਕ ਦਮ ਚੀਖ ਨਿਕਲੀ—ਬੇ ਸੁਧ ਹੋ ਕੇ ਡਿਗ ਪਿਆ। ਪਤਾ ਨਹੀਂ ਕਿਤਨਾ ਕੁ ਸਮਾਂ ਬੀਤਿਆ ਹੋਵੇਗਾ, ਸੁਰਤ ਨੇ ਹੋਸ਼ ਸੰਭਾਲੀ। ਪੋਹ ਫੁਟ ਰਹੀ ਸੀ। ਅਬੜਵਾਹੀ ਵਿਚ ਉਠ ਖਲੋਤਾ ਤੇ ਚਕ੍ਰਿਤ ਹੋਏ ਕੀ ਦੇਖ ਰਿਹਾ ਹਾਂ ਕਿ ਲੋਥਾਂ ਤੇ ਲੋਥਾਂ ਪਈਆਂ ਹਨ ਜੋ ਖੂਨ ਵਿਚ ਲਥ ਪਥ ਪਈਆਂ ਸਹਿਕ ਰਹੀਆਂ ਹਨ। ਕਿਸੇ ਕਿਸੇ ਵਿਚ ਗਿਣਵੇਂ ਸਵਾਸ ਬਾਕੀ ਹਨ। ਧਰਤ ਲਾਲੋ ਲਾਲ ਹੋਈ ਪਈ ਹੈ। ਸਚ ਮੁਚ! ਕੀ ਰਾਤ ਭਰ ਦੇਵਤਿਆਂ ਤੇ ਦੈਂਤਾਂ ਦਾ ਜੁਧ ਹੋਂਦਾ ਰਿਹਾ ਹੈ? ਧਰਤੀ ਮਾਂ! ਤੂੰ ਦਸ ਇਹ ਕੀ ਕੌਤਕ ਹੈ? ਧਰਤ ਮਾਂ ਕੋਲੋਂ ਜਰਿਆ ਨ ਗਿਆ ਤੇ ਹੌਕੇ ਭਰਦਿਆਂ ਕਹਿਣ ਲਗੀ, 'ਇਹ ਜੋ ਲਹੂ ਨਾਲ ਲਿਬੜੀ ਪਈ ਹਾਂ, ਇਹ ਮੇਰਾ ਸੁਹਾਗ ਡੁਲ੍ਹਿਆ ਹੈ। ਮੇਰੀ ਮਾਂਗ ਤੋਂ ਸੰਧੂਰ ਨਿਖੜਿਆ ਹੈ।

---

* 'ਸਫਲ, ਸਫਲ, ਸਫਲ ਭਈ ਯਾਤ੍ਰਾ,
ਆਵਨ ਜਾਨ ਰਹੇ ਮਿਲ ਸਾਧਾ।

ਉਸ ਵਡੇ ਸਾਧ ਦੇ ਓਟ ਆਸਰੇ ਅੰਦਰ ਰਹਿ ਕੇ ਉਸਦੇ ਹੁਕਮਨਾਮਿਆਂ ਤੇ ਅਸੂਲਾਂ ਨੂੰ ਢੰਡੋਰਚੀ ਬਨ ਕੇ ਗੁਰਸਿਖ ਅਗੇ ਪੇਸ਼ ਕਰਨਾ ਹੀ ਗੁਰਸਿਖ ਵਿਚ ਨਿਰਮਾਨਤਾ ਪ੍ਰਾਪਤ ਕਰਨਾ ਤੇ ਗੁਰੂ ਕ੍ਰਿਪਾ ਦੀ ਆਸ ਰਖਣਾ ਹੈ।



www.AKJ.Org

ਪਾਪੀਆਂ ਨੇ ਤਲਵਾਰਾਂ ਚਲਾਈਆਂ ਹਨ, ਮੇਰੀ ਇਸ ਯੁਵਾਅਵਸਥਾ ਤੇ ! ਧਰਤੀ ਤਾਂ ਇੰਜ ਪੁਕਾਰ ਕਰ ਰਹੀ ਸੀ ਪਰੰਤੂ ਆਕਾਸ਼ ਵਿਚ ਪੰਛੀ ਕੁਝ ਇੰਝ ਗਾ ਰਹੇ ਸਨ—

ਸੂਰਾ ਸੋ ਪਹਿਚਾਨੀਐ ਜੋ ਲਰੈ ਦੀਨ ਕੇ ਹੇਤ ।
ਪੁਰਜਾ ਪੁਰਜਾ ਕਟ ਮਰੈ ਕਬਹੂੰ ਨ ਛਾਡੈ ਖੇਤ ।

ਤੇ ਕੋਈ ਗਾ ਰਿਹਾ ਸੀ—

ਜਉ ਤਉ ਪ੍ਰੇਮ ਖੇਲਨ ਕਾ ਚਾਉ ।
ਸਿਰ ਧਰ ਤਲੀ ਗਲੀ ਮੋਰੀ ਆਉ ।
ਇਤ ਮਾਰਗ ਪੈਰ ਧਰੀਜੈ ।
ਸਿਰ ਦੀਜੈ ਕਾਨ ਨ ਕੀਜੈ ।

ਮਰਤਾ ਮਰਤਾ ਜਗ ਮੂਆ ਮਰ ਭੀ ਨ ਜਾਨੈ ਕੋਇ ।
ਐਸੀ ਮਰਨੀ ਜੋ ਮਰੈ ਬਹੁਰ ਨ ਮਰਨਾ ਹੋਇ ।

ਹਰ ਪਾਸਿਉਂ ਇਸੇ ਤਰ੍ਹਾਂ ਦੀ ਗ਼ੈਬੀ ਬਾਣੀ ਦਾ ਹੁਲਾਰਾ ਆ ਰਿਹਾ ਸੀ ; ਧਰਤੀ ਤੇ ਪਈਆਂ ਕੁਝ ਐਸੀਆਂ ਮੜ੍ਹੋਲੀਆਂ ਵੀ ਸਨ ਜਿਨ੍ਹਾਂ ਦੀਆਂ ਰੂਹਾਂ ਪਤਾ ਨਹੀਂ ਕਿੰਨੀ ਕੁ ਮਿੱਠੀ ਤੇ ਸੁਰੀਲੀ ਆਵਾਜ਼ ਵਿਚ ਗਾ ਰਹੀਆਂ ਸਨ—

ਮਿਤਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਣਾ ।
ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ
ਨਾਗ ਨਿਵਾਸਾਂ ਦੇ ਰਹਣਾ ।
ਸੂਲ ਸੁਰਾਹੀ ਖੰਜਰ ਪਿਆਲਾ
ਬਿੰਗ ਕਸਾਈਆਂ ਦਾ ਸਹਣਾ ।
ਯਾਰੜੇ ਦਾ ਸਾਨੂੰ ਸਥਰ ਚੰਗਾ
ਭਠ ਖੇੜਿਆਂ ਦਾ ਰਹਣਾ ।

ਹੁਣ ਮੈਨੂੰ ਰਾਤ ਹੱਡਬੀਤੀ ਭੁਲ ਚੁਕੀ ਸੀ । ਮੈਨੂੰ ਇਹਨਾਂ ਸ਼ਬਦਾਂ ਦੀ ਐਸੀ ਮਸਤੀ ਚੜ੍ਹੀ ਜਿਵੇਂ ਮ੍ਰਿਗ ਕਸਤੂਰੀ ਦੀ ਭਾਲ ਵਿਚ । ਮੈਂ ਖੇੜਾ ਹੀ ਖੇੜਾ ਅਨੁਭਵ ਕਰਨ ਲਗਾ । ਮੇਰੇ ਮੂੰਹੋਂ ਵੀ ਇਹੀ ਸ਼ਬਦ 'ਮਿਤਰ ਪਿਆਰੇ ਨੂੰ.........' ਆਪ ਮੁਹਾਰੇ ਉਚਰਨ ਲਗੇ ।

ਦਸਾਂ ਕੁ ਕਦਮਾਂ ਤੇ ਕੀ ਦੇਖਦਾ ਹਾਂ ਕਿ ਇਕ ਵਿਅਕਤੀ ਜੋ ਜ਼ਖਮਾਂ ਨਾਲ ਛਾਨਣੀ ਹੋਇਆ ਪਿਆ ਹੈ । ਲਹੂ ਵੱਗੀ ਜਾ ਰਿਹਾ ਹੈ । ਸਰੀਰ ਨਿਢਾਲ ਹੋ ਚੁਕਾ ਹੈ, ਪਰ ਕੁਝਕੁ ਸੁਰਤ ਵਿਚ ਹੈ । ਇਸਦੇ ਸੋਹਣੇ ਮੁਖਾਰਬਿੰਦ 'ਚੋਂ ਉਪਰੋਕਤ ਸ਼ਬਦ ਦੇ ਨਾਲ ਨਾਲ ਕਿਸੇ ਵੇਲੇ ਬੜੇ ਵੈਰਾਗ ਨਾਲ ਇਹ ਭੀ ਨਿਕਲ ਰਿਹਾ ਹੈ—

ਕਾਗਾ ਕਰੰਗ ਢੰਢੋਲਿਆ ਸਗਲਾ ਖਾਇਓ ਮਾਸੁ ।
ਇਹ ਦੋਇ ਨੈਨਾ ਮਤ ਛੂਹਿਓ ਪਿਰ ਦੇਖਣ ਕੀ ਆਸ ।

ਇਸ ਦੀ ਬਿਰਹੋਂ ਦੀ ਤੜਪ ਨੇ ਮੇਰੀਆਂ ਅੱਖੀਆਂ ਬੰਨ੍ਹ ਦਿਤੀਆਂ । ਕੀ ਦੇਖਦਾ ਹਾਂ ਅਚਾਨਕ ਇਕ ਸੋਹਣੇ ਸਰੂਪ ਵਾਲਾ, ਚੇਹਰੇ ਤੇ ਰੱਜ ਕੇ ਜਲਾਲ ਹੈ, ਕਦੀ ਕਿਸੇ ਦਾ, ਕਦੀ ਕਿਸ ਦਾ ਮਸਤਕ ਚੁੰਮ ਰਿਹਾ ਹੈ । ਆਪਣੇ ਸੋਹਣੇ ਸੋਹਣੇ ਹੱਥਾਂ ਨਾਲ ਉਹਨਾਂ ਦੀਆਂ ਅੱਖਾਂ ਪੂੰਝ ਰਿਹਾ ਹੈ । ਪਿਆਰ ਕਰ ਰਿਹਾ ਹੈ, ਕਿਸੇ ਨੂੰ ਕਹਿ ਰਿਹਾ ਹੈ, 'ਮੇਰਾ ਪੰਜ ਹਜ਼ਾਰੀ' ਤੇ ਕਿਸੇ ਨੂੰ ਕਹਿ ਰਿਹਾ ਹੈ 'ਇਹ ਮੇਰਾ ਦਸ ਹਜ਼ਾਰੀ' ਸਿੰਘਾ ਤੂੰ ਨਿਹਾਲ ! ਨਿਹਾਲ ! ਨਿਹਾਲ......ਤੇਰਾ ਲੋਕ ਸੁਖੀ ਤੇ ਪ੍ਰਲੋਕ ਸੁਹੇਲਾ' ਥਾਪੜੇ ਦਿੰਦਾ ਵਧੀ ਆ ਰਿਹਾ ਹੈ । ਇਸ ਵੈਰਾਗ ਭਰੇ ਸ਼ਬਦ 'ਕਾਗਾ ਕਰਗ ਢੰਢੋਲਿਆ ਸਗਲਾ ਖਾਇਓ ਮਾਸ । ਇਹ ਦੋਇ ਨੈਨਾ ਮਤ ਛੂਹਿਓ ਪਿਰ ਦੇਖਣ ਦੀ ਆਸ' ਦੀ ਆਵਾਜ਼ ਸੁਣ ਕੇ ਇਹ ਵਿਅਕਤੀ ਪਾਸ ਆ ਪੁਜੇ ਹਨ । ਆਪਣੀ ਗੋਦ ਵਿਚ ਸਿੰਘ ਦਾ ਸਿਰ ਰਖ ਲਿਆ ਹੈ । ਪਿਆਰ ਕਰ ਰਹੇ ਹਨ । ਆਪਣੇ ਸੋਹਣੇ ਰੇਸ਼ਮੀ ਰੁਮਾਲ ਨਾਲ ਅੱਖਾਂ ਪੂੰਝਦੇ ਹੋਏ ਕਹਿ ਰਹੇ ਹਨ (ਬੜੀ ਮਿਠੀ ਤੇ ਦਰਦ ਭਰੀ ਆਵਾਜ਼ ਵਿਚ) 'ਮਹਾਂ ਸਿੰਘਾ ! ਤੂੰ ਨਿਹਾਲ, ਨਿਹਾਲ, ਤੇਰੀਆਂ ਇਕੀ ਕੁਲਾਂ ਨਿਹਾਲ, ਤੇਰਾ ਲੋਕ ਸੁਖੀ ਪ੍ਰਲੋਕ ਸੁਹੇਲਾ । ਮੰਗ ਕੋਈ ਮਨ ਦੀ ਮੁਰਾਦ ਇਹਨਾਂ ਬੱਤੀ ਦੰਦਾਂ ਵਿਚੋਂ, ਅਕਾਲ ਪੁਰਖ ਦੀ ਬਖ਼ਸ਼ਸ਼ ਹੋਈ ਹੈ ਤੇਰੇ ਤੇ । ਮੰਗ ਮਹਾਂ ਸਿੰਘਾ ! ਤੈਨੂੰ ਤ੍ਰਿਲੋਕੀ ਦਾ ਰਾਜ ਦੇ ਦੇਵਾਂ, ਕਹੇਂ ਤਾਂ ਤੇਰੇ ਸਿਰ ਤੇ *



www.AKJ.Org

# ਦਸਮੇਸ਼ ਪਿਤਾ ਦੀ ਅਦੁਤੀ ਸ਼ਖ਼ਸੀਅਤ

(ਵਲੋਂ—ਸ੍ਰੀ ਰਾਜਿੰਦਰਪਾਲ 'ਜਿੰਦਲ' ਬਾਗੜੀਆਂ)

'ਅੰਮ੍ਰਿਤ ਦੇ ਦਾਤਾ', 'ਪੰਥ ਦੇ ਵਾਲੀ', 'ਧਰਮ ਰਖਿਅਕੁ', 'ਸਰਬੰਸ ਦਾਨੀ', 'ਸ਼ਹੀਦ ਪਿਤਾ ਦੇ ਸਪੁਤਰ' 'ਸ਼ਹੀਦ ਸੁਪਤਰਾਂ ਦੇ ਪਿਤਾ', 'ਚਿੜੀਆਂ ਤੋਂ ਬਾਜ਼ ਤੜਵਾਉਣ ਵਾਲੇ', 'ਸਵਾ ਲੱਖ ਨਾਲ ਇਕ ਲੜਾਉਣ ਵਾਲੇ' 'ਦੋ ਜਹਾਨ ਦੇ ਵਾਲੀ' ਤੇ 'ਸਰਬ ਸ਼ਖਸ਼ੀਅਤ ਦੇ ਮਾਲਕ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨਾਂ ਨੂੰ ਕਿਹੜਾ ਭਾਰਤਵਾਸੀ ਨਹੀਂ ਜਾਣਦਾ। ਸਿੱਖ ਕੌਮ ਦੀ ਸੂਰਬੀਰਤਾ ਨੂੰ ਕੌਣ ਅੱਖੋਂ ਉਹਲੇ ਕਰ ਸਕਦਾ ਹੈ। ਜ਼ੁਲਮ ਤੇ ਕੂੜ ਨੂੰ ਖਤਮ ਕਰਨ ਲਈ ਤੇ ਸਚ ਨੂੰ ਪ੍ਰਗਟਾਉਣ ਲਈ ਸਭ ਤੋਂ ਪਹਿਲਾਂ ਗੁਰੂ ਅਰਜਨ ਦੇਵ ਜੀ ਨੇ ਸ਼ਹਾਦਤ ਦਿਤੀ। ਇਸੇ ਲਈ ਉਨ੍ਹਾਂ ਨੂੰ 'ਸ਼ਹੀਦਾਂ ਦਾ ਸਿਰਤਾਜ' ਕਰਕੇ ਜਾਣਿਆ ਜਾਂਦਾ ਹੈ। ਜੇਕਰ ਉਨ੍ਹਾਂ ਦੇ ਮਨ ਵਿਚ ਸਿੱਖੀ ਅਤੇ ਦੇਸ਼ ਭਗਤੀ ਦਾ ਅਥਾਹ ਸੋਮਾ ਸੀ ਤਾਂ ਹੀ ਉਨ੍ਹਾਂ ਨੇ ਖੁਸ਼ੀ ਨਾਲ ਦੇਗਾਂ ਵਿਚ ਉਬਲਨਾ ਤੇ ਤੱਤੀ ਤਵੀ ਉਪਰ ਬੈਠਣਾ ਪਸੰਦ ਕੀਤਾ। ਇਸ ਤੋਂ ਬਾਦ ਦੇ ਸਮੇਂ ਵਿਚ ਜਨਤਾ ਉਪਰ ਹੋ ਰਹੇ ਜ਼ੁਲਮ ਤੇ ਤਸ਼ਦਦ ਨੂੰ ਖਤਮ ਕਰਨਾ ਸਿੰਘ ਬਹਾਦਰਾਂ ਲਈ ਪਹਿਲਾ ਕਰਮ ਧਰਮ ਬਣ ਗਿਆ ਸੀ। ਜਦੋਂ ਕਸ਼ਮੀਰੀ ਪੰਡਤ ਔਰੰਗਜ਼ੇਬ ਦੇ ਅਕਹਿ ਤੇ ਅਸਹਿ ਜ਼ੁਲਮ ਨਾ ਸਹਾਰ ਸਕੇ ਤਾਂ ਉਨ੍ਹਾਂਸਾਹਿਬ ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਫ਼ਰਿਆਦ ਕੀਤੀ ਤੇ ਔਰੰਗ-

---

* ਅਪਣੀ ਕਲਗੀ ਸਜਾ ਦਿਆਂ। ਸਿੰਘਾ ਜਿਥੇ ਤੂੰ ਧਰਮ ਤੇ ਕੌਮ ਲਈ ਕਾਰੀ ਹੋਇਆ ਪਿਆ ਹੈਂ ਉਥੇ ਮੈਂ ਤੇਰੇ ਵਿਚ ਕਾਰੀ ਹੋਇਆ ਪਿਆ ਹਾਂ। ਮੰਗ ਆਪਣੇ ਮਨ ਦੀ ਮੁਰਾਦ। ਦੇਖ! ਮੈਂ ਇਕ ਨਹੀਂ, ਦੋ ਨਹੀਂ, ਚਾਰੇ ਲਾਲ ਧਰਮ ਤੇ ਕੌਮ ਲਈ ਤੇ ਉਸ ਅਕਾਲ ਪੁਰਖ ਦੇ ਸ਼ੁਕਰਾਨੇ ਵਜੋਂ ਵਾਰ ਆਇਆ ਹਾਂ, ਪਰ ਤੇਰੇ ਪਿਆਰ ਨੇ ਮੈਨੂੰ ਮੋਹਿਆ ਹੋਇਆ ਹੈ ਉਹ ਵਿਅਕਤੀ ਬਹੁਤ ਬਲਹੀਨ ਹੋਇਆ ਹੋਇਆ ਸੀ ਤੇ ਨੇਤਰ ਸਜਲ ਸਨ। ਫੜਕਦੇ ਬੁਲ੍ਹਾਂ ਨਾਲ ਉਸ ਹਿਚਕੀ ਹੋਈ ਆਵਾਜ਼ ਵਿਚ ਅਰਜੋਈ ਕੀਤੀ, 'ਬਖ਼ਸ਼, ਬਖ਼ਸ਼, ਬੇ...ਦਾ...ਵਾ...ਫਾੜ...ਦੇ' ਇਹ ਕਹਿੰਦਿਆਂ ਹੋਇਆ ਸਦਾ ਲਈ ਚੁਪ ਹੋ ਗਿਆ। ਸੁਆਸ ਮੁਕ ਰਹੇ ਹਨ, ਪਰ ਦਾਤਾ ਪਿਆਰ ਕਰੀ ਜਾ ਰਿਹਾ ਹੈ ਤੇ ਕਹਿ ਰਿਹਾ ਹੈ, 'ਮਹਾਂ ਸਿੰਘਾ! ਤੂੰ ਦਖ......ਦੇਖ, ਮੈਂ ਫਾੜ ਰਿਹਾ ਹਾਂ ਬੇਦਾਵਾ। ਦੇਖ ਮੈਂ ਕਿੰਨਾ ਚਿਰ ਕਸਤੂਰੀ ਵਾਂਗ ਇਸ ਨੂੰ ਹਿਰਦੇ ਦੀ ਨਾਭੀ ਵਿਚ ਰਖਿਆ ਹੋਇਆ ਹੈ। ਦੇਖ...ਦੇਖ... ਮੈਂ ਫਾੜ ਰਿਹਾ ਹਾਂ।' ਕੀ ਹੋਇਆ ਜੇ ਤੂੰ ਲਿਖਿਆ ਸੀ 'ਤੂੰ ਸਾਡਾ ਗੁਰੂ ਨਹੀਂ, ਪਰ ਮੈਂ ਤਾਂ ਨਹੀਂ ਕਿਹਾ ਸੀ ਤੁਸੀਂ ਮੇਰੇ ਸਿਖ ਨਹੀਂ।' ਤੁਹਾਡੀਆਂ ਸ਼ਹੀਦੀਆਂ ਖ਼ਾਲਸੇ ਨੂੰ ਜਨਮ ਦੇ ਗਈਆਂ ਹਨ। ਇਸ ਧਰਤੀ ਮਾਂ ਨੂੰ ਪ੍ਰਫੁਲਤ ਕਰ ਗਈਆਂ ਹਨ। ਇਹ ਬਚਨ ਕਹਿੰਦੇ ਹੋਏ ਅਲੋਪ ਹੋ ਗਏ, ਅਤੇ ਇਸ ਸ਼ਾਂਤ ਵਾਤਾਵਰਣ ਵਿਚ ਮਧੁਰ ਧੁਨ ਕੁਝ ਅਲਾਪ ਕਰ ਰਹੀ ਸੀ।

ਪੈਹਲਾ ਮਰਨ ਕਬੂਲ ਜੀਵਨ ਕੀ ਛਡ ਆਸ।
ਹੋਹੁ ਸਭਨ ਕੀ ਰੇਣਕਾ ਤਉ ਆਉ ਹਮਾਰੇ ਪਾਸ।

—o—



www.AKJ.Org

ਜ਼ੇਬ ਦੇ ਜ਼ੁਲਮਾਂ ਦੀ ਵਿਥਿਆ ਸੁਣਾਈ। ਫ਼ਰਿਆਦ ਸੁਣ ਕੇ 'ਹਿੰਦ ਦੀ ਚਾਦਰ', ਨੌਵੇਂ ਗੁਰੂ ਜੀ ਸੋਚਾਂ ਵਿਚ ਪੈ ਗਏ। ਜਦੋਂ ਇਸ ਕਹਾਣੀ ਦਾ ਪਤਾ ਗੁਰੂ ਗੋਬਿੰਦ ਸਿੰਘ ਜੀ ਨੂੰ ਲੱਗਾ ਤਾਂ ਉਨ੍ਹਾਂ ਖੁਸ਼ੀ ਨਾਲ ਆਪਣੇ ਸਤਿਕਾਰ ਯੋਗ ਪਿਤਾ ਜੀ ਨੂੰ ਸ਼ਹੀਦ ਹੋਣ ਲਈ ਭੇਜਿਆ। ਇਸ ਤੋਂ ਬਾਦ ਦਸਵੇਂ ਗੁਰੂ ਜੀ ਗਦੀ ਤੇ ਬੈਠੇ ਤੇ ਭਾਰਤ ਵਿਚੋਂ ਜ਼ੁਲਮ ਤੇ ਕੂੜ ਖਤਮ ਕਰਨਾ ਆਪਣਾ ਪਹਿਲਾ ਕਰਤਵ ਸਮਝਿਆ।

ਉਸ ਵੇਲੇ ਜਨਤਾ ਲਈ ਦੇਸ਼ ਭਗਤੀ ਦੀ ਚਿਣਗ ਬਿਲਕੁਲ ਬੁਜ ਚੁਕੀ ਸੀ। ਜਿਸ ਨੂੰ ਸੁਰਜੀਤ ਕਰਨ ਲਈ ੧੬੯੯ ਈ: ਨੂੰ ਗੁਰੂ ਜੀ ਨੇ ਇਕ ਬਹੁਤ ਭਾਰੀ ਦੀਵਾਨ ਸਜਾ ਕੇ ਪੰਜ ਪਿਆ-ਰਿਆਂ ਦੀ ਚੋਣ ਕੀਤੀ। ਖੰਡੇ ਦੀ ਪਹੁਲ ਨਾਲ ਤਿਆਰ ਕੀਤਾ ਅੰਮ੍ਰਿਤ ਛਕਾ ਕੇ ਪ੍ਰਭੂ ਦੀ ਪਿਆਰੀ ਸੈਨਾ ਸਿਰਜੀ ਗਈ। ਇਸ ਪ੍ਰਕਾਰ ਆਪ ਨੇ ਡਰਪੋਕਾਂ ਨੂੰ ਬਹਾਦਰ ਬਣਾ ਦਿਤਾ ਤੇ ਜਿਨ੍ਹਾਂ ਨੂੰ ਸਿੰਘਾਂ ਦੇ ਨਾਮ ਨਾਲ ਪੁਕਾਰਿਆ ਜਾਣ ਲਗਾ। ਹਰ ਇਕ ਸਿੰਘ ਏਨਾ ਬਹਾਦਰ ਤੇ ਸੂਰਬੀਰ ਬਣ ਗਿਆ ਸੀ ਕਿ ਉਹ ਸਵਾ ਲੱਖ ਦੁਸ਼ਮਣਾਂ ਦਾ ਮੁਕਾਬਲਾ ਕਰ ਸਕਦਾ ਸੀ। ਤਾਂਹੀਉਂ ਆਪ ਨੇ ਉਚਾਰਨ ਕੀਤਾ ਸੀ :—

ਗਿਦੜੋਂ ਕੋ ਮੈਂ ਸ਼ੇਰ ਬਨਾਊਂ।
ਗਠਣ ਕੋ ਰੰਕ ਸੰਗ ਲੜਾਊਂ।
ਭੂਪ ਗਿਰੀਵਾਨ ਕੋ ਕਹਾਊਂ।
ਚਿੜੀਉਂ ਸੇ ਮੈਂ ਬਾਜ ਤੁੜਾਊਂ।
ਸਵਾ ਲਖ ਸੇ ਏਕ ਲੜਾਊਂ।
ਤਬੈ ਗੋਬਿੰਦ ਸਿੰਘ ਨਾਮ ਕਹਾਊਂ।

ਸਚ ਮੁਚ ਹਰ ਇਕ ਸਿੰਘ ਏਨਾਂ ਬਹਾਦਰ ਬਣ ਗਿਆ ਸੀ ਕਿ ਮੁਗ਼ਲਾਂ ਨੂੰ ਸਿੰਘ ਦਾ ਨਾਂ ਸੁਣ ਕੇ ਹੀ ਭੈ ਆਉਣ ਲਗ ਪਿਆ ਸੀ। ਹੁਣ ਗੁਰੂ ਗੋਬਿੰਦ ਸਿੰਘ ਜੀ ਦੀ ਸਿੱਧੀ ਟੱਕਰ ਔਰੰਗਜ਼ੇਬ ਨਾਲ ਸੀ। ਔਰੰਗਜ਼ੇਬ ਨਾਲ ਟੱਕਰ ਲੈਣ ਲਈ ਗੁਰੂ ਜੀ ਨੂੰ ਇਕ ਤਾਕਤਵਰ ਫੌਜ ਇਕੱਠੀ ਕਰਨੀ ਪਈ। ਹਰ ਇਕ ਵਿਅਕਤੀ ਨੇ ਜੋ ਗੁਰੂ ਜੀ ਦੀ ਹਰ ਤਰ੍ਹਾਂ ਨਾਲ ਸੇਵਾ ਕੀਤੀ। ਔਰੰਗਜ਼ੇਬ ਤਾਂ ਉਸ ਸਮੇਂ ਭਾਰਤ ਦਾ ਮਾਲਕ ਸੀ। ਉਸ ਪਾਸ ਅਥਾਹ ਫੌਜ ਤੇ ਸਾਜ ਸਮਾਨ ਸੀ, ਪਰ ਸੂਰਬੀਰਤਾ ਦੀ ਗੱਲ ਤਾਂ ਇਹ ਹੈ ਕਿ ਸਿਖ ਸੈਨਾ ਦੀ ਘਟ ਗਿਣਤੀ ਦੇ ਹੋਣ ਤੇ ਵੀ ਸਿੰਘਾਂ ਨੇ ਔਰੰਗਜ਼ੇਬ ਦੀ ਸੈਨਾ ਦੇ ਪੈਰ ਨਾ ਲਗਣ ਦਿਤੇ। ਅਸਲੀ ਰੂਪ ਵਿਚ ਬਹਾਦਰੀ ਤਾਂ ਇਹ ਹੀ ਹੈ। ਖਤਰੇ ਤੇ ਤਬਾਹੀ ਦੀ ਹਾਲਤ ਵਿਚ ਅਡੋਲ ਗੁਰੂ ਨੇ ਦ੍ਰਿੜ੍ਹਤਾ ਦਾ ਪੱਲਾ ਨਾ ਛਡਿਆ। ਆਪ ਦੇ ਪੈਰ ਉਖੇੜਨ ਲਈ ਅਨੇਕਾਂ ਹਨੇਰੀਆਂ ਆਈਆਂ, ਕਈ ਕਰਵਟ ਬਦਲੇ ਪਰ ਗੁਰੂ ਜੀ ਅਡੋਲ ਦੇ ਅਡੋਲ ਰਹੇ। ਲੋਕੀ ਕੁਝ ਪ੍ਰਾਪਤ ਕਰਕੇ ਮੁਸਕਰਾਉਂਦੇ ਹਨ, ਪਰੰਤੂ ਸਭ ਕੁਝ ਗੁਆ ਕੇ ਵੀ ਮੁਸਕਰਾ ਸਕਣਾ ਅਡੋਲ ਪਿਤਾ ਗੁਰੂ ਗੋਬਿੰਦ ਸਿੰਘ ਜੀ ਦਾ ਹੀ ਕੰਮ ਸੀ।

ਸਮੇਂ ਨੇ ਸੰਸਾਰ ਨੂੰ ਪੁਰਾਣਾ ਕਰ ਦਿਤਾ ਐਪਰ ਸਮਾਂ ਗੁਰੂ ਗੋਬਿੰਦ ਸਿੰਘ ਜੀ ਦੇ ਅਦੁਤੀ ਕਾਰ-ਨਾਮਿਆਂ ਨੂੰ ਪੁਰਾਣਾ ਨਹੀਂ ਕਰ ਸਕਿਆ।

ਮਨੁਖਤਾ ਦੇ ਆਗੂ ਨੇ ਭਾਰਤ ਦੀ ਤਕਦੀਰ ਨੂੰ ਬਦਲ ਕੇ ਰਖ ਦਿਤਾ, ਉਨ੍ਹਾਂ ਨੂੰ ਰਜਾਈਆਂ ਦੇ ਨਿਗ ਤੇ ਸੁਖ ਰੋਗ ਭਾਸੇ ਤੇ ਪਿਆਲੇ ਖੰਜਰਾਂ ਦਾ ਰੂਪ ਦਿਸੇ। ਮੁਗ਼ਲ ਰਾਜ ਦੀਆਂ ਨਵਾਬੀਆਂ ਤੇ ਉਚੇ ਅਹੁਦਿਆਂ ਨਾਲੋਂ ਘਾਟੜੇ ਦੇ ਸੱਥਰ ਨੂੰ ਆਪ ਨੇ ਵਿਸ਼ੇਸ਼ਤਾ ਦਿਤੀ। ਗੁਰੂ ਜੀ ਦਾ ਕਿਸੇ ਨਾਲ ਵੀ ਨਿੱਜੀ ਤੇ ਸਥਾਈ ਵੈਰ ਨਹੀਂ ਸੀ, ਪਰੰਤੂ ਉਨ੍ਹਾਂ ਦਾ ਵੈਰ ਕੇਵਲ ਜ਼ੁਲਮ ਨਾਲ ਸੀ, ਭਾਵੇਂ ਉਹ ਕਿਸੇ ਵੀ ਕਿਸਮ ਦਾ ਹੋਵੇ। ਉਨ੍ਹਾਂ ਮੁਗ਼ਲ ਰਾਜ ਦੇ ਜ਼ੁਲਮਾਂ ਵਿਰੁਧ ਜ਼ਹਾਦ ਕੀਤਾ ਤੇ ਮੁਗ਼ਲ ਰਾਜ ਦੇ ਦੀਵੇ ਗੁਲ ਕਰਨ ਲਈ ਆਪਣੇ ਸਰਬੰਸ ਦੀ ਅਹੂਤੀ ਦੇ ਦਿਤੀ। ਕਿਸੇ ਵੀ ਆਗੂ ਦੀ ਸਫਲਤਾ ਦਾ ਅੰਦਾਜ਼ਾ ਕੇਵਲ ਉਸ ਦੀ ਜਿੱਤ ਜਾਂ ਹਾਰ ਤੋਂ ਨਹੀਂ ਲਾਉਣਾ ਚਾਹੀਦਾ। ਜਿੱਤ ਤਾਂ ਕਈ ਅਯੋਗ ਢੰਗਾਂ ਨਾਲ ਵੀ ਕੀਤੀ ਜਾ ਸਕਦੀ ਹੈ। ਪਰੰਤੂ ਅਮਲੀ ਜਿੱਤ


www.AKJ.Org

ਦਿਲ ਦੀ ਹੈ। ਜੇਕਰ ਦਿਲ ਹਾਰ ਗਿਆ ਤਾਂ ਹਾਰ ਸਮਝੋ, ਪਰੰਤੂ ਜੇ ਦਿਲ ਅਡੋਲ ਹੈ ਤਾਂ ਦੁਨੀਆਂ ਦੀ ਕੋਈ ਵੀ ਤਾਕਤ ਉਸ ਨੂੰ ਭੈ ਭੀਤ ਨਹੀਂ ਕਰ ਸਕਦੀ। ਮਹੱਤਤਾ ਤਾ ਘੋਲ ਕਰਨ ਦੀ ਹੈ, ਜਿਨਾ ਵੱਡਾ ਘੋਲ ਉਨੀ ਵੱਡੀ ਜਿੱਤ। ਗੁਰੂ ਜੀ ਨੇ ਜ਼ੁਲਮ ਦਲਣ ਲਈ ਮਹਾਨ ਘੋਲ ਕੀਤਾ।

ਭਾਰਤ ਦੇ ਇਤਿਹਾਸ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਕਰਾਮਾਤ ਅੰਮ੍ਰਿਤ ਛਕਾ ਕੇ ਸਿੰਘ ਸਜਾਉਣਾ ਸੀ। ਜਦੋਂ ਆਪ ਜੀ ਦੇ ਪਿਤਾ ਜੀ ਦਾ ਸੀਸ ਦਿਲੀ ਦੇ ਚਾਂਦਨੀ ਚੌਕ ਵਿਚ ਪਿਆ ਸੀ, ਉਦੋਂ ਕੋਈ ਸਿੱਖ ਸੀਸ ਨੂੰ ਚੁਕਣ ਦੀ ਜੁਰਅੱਤ ਨਹੀਂ ਸੀ ਕਰਦਾ, ਪਰੰਤੂ ਭਾਰਤ ਵਾਸੀਆਂ ਕੁਝ ਸਾਲਾਂ ਮਗਰੋਂ ਉਹ ਸਮਾਂ ਵੀ ਵੇਖਿਆ ਜਦੋਂ ਇਕ ਸੀਸ ਭਾਈ ਮੰਗਤ ਸਿੰਘ ਜੀ ਦਾ ਚਮਕੌਰ ਦੀ ਗੜ੍ਹੀ ਵਿਚ ਪਿਆ ਸੀ, ਪਰੰਤੂ ਕੋਈ ਮੁਗ਼ਲ ਜਰਨੈਲ ਅੰਦਰ ਜਾਣ ਦੀ ਦਲੇਰੀ ਨਹੀਂ ਸੀ ਕਰਦਾ। ਖੰਡੇ ਦੇ ਅੰਮ੍ਰਿਤ ਨੇ ਕਿੰਨੀ ਅਡੋਲ ਅਵਸਥਾ ਪੈਦਾ ਕਰ ਦਿਤੀ ਸੀ। ਇਹ ਚੜ੍ਹਦੀ ਕਲਾ ਦਾ ਸਿਖਰ ਸੀ ਕਿ ਮੁਗ਼ਲ ਫੌਜਾਂ ਦੀ ਅਥਾਹ ਗਿਣਤੀ ਮੁਠੀ ਭਰ ਸਿੰਘਾਂ ਨੂੰ ਕਾਬੂ ਨਾ ਕਰ ਸਕੀ। ਸਿੰਘਾਂ ਨੇ ਮੁਗ਼ਲ ਫੌਜਾਂ ਨੂੰ ਅਠ ਪਹਿਰ ਤਕ ਵਖਤ ਪਾ ਕੇ ਰਖਿਆ ਤੇ ਕਚੀ ਗੜ੍ਹੀ ਸਰ ਨਾ ਹੋਣ ਦਿਤੀ। ਅਜੀਤ ਤੇ ਝੁਜਾਰ ਨੇ ਜ਼ੁਲਮ ਦੀ ਭੱਠੀ ਨੂੰ ਠੰਡਾ ਕਰਨ ਲਈ ਉਬਲਦਾ ਖ਼ੂਨ ਦਿਤਾ। ਪਿਤਾ ਨੇ ਪੁਤਰਾਂ ਨੂੰ ਚਮਕੌਰ ਦੀ ਰਣਭੂਮੀ ਵਿਚ ਆਪ ਸਿਹਰੇ ਬੰਨ੍ਹ ਕੇ ਲਾੜੀ ਮੌਤ ਨੂੰ ਵਿਆਹੁਣ ਤੋਰਿਆ। ਜਦੋਂ ਉਹਨਾਂ ਦੀਆਂ ਸ਼ਹਾਦਤਾਂ ਹੋ ਗਈਆਂ ਤਾਂ ਆਪ ਦਾ ਦਿਲ ਨਾ ਡੋਲਿਆ। ਰਾਜਾ ਦਸਰਥ ਆਪਣੇ ਪੁਤਰਾਂ ਦਾ ਵਿਛੋੜਾ ਨਾ ਸਹਾਰਦਾ ਹੋਇਆ ਸ਼ਾਹੀ ਮਹਿਲਾਂ ਤੋਂ ਛਾਲ ਮਾਰ ਕੇ ਪ੍ਰਾਣ ਛਡ ਗਿਆ ਸੀ। ਜਿਸ ਨੂੰ ਕਿਸ ਪੰਜਾਬੀ ਕਵੀ ਨੇ ਇਸ ਤਰ੍ਹਾਂ ਬਿਆਨ ਕੀਤਾ ਹੈ—

ਦਸਰਥ ਡਿੱਗਾ ਮਹਿਲ ਤੋਂ ਕੂਚ ਕੀਤਾ,
ਦੂਰ ਅੱਖਾਂ ਤੋਂ ਜਦੋਂ ਸੰਤਾਨ ਹੋ ਗਈ।
ਮੋਰਧਜ ਦੇ ਅੱਥਰੂ ਅੰਤ ਕਿਰ ਗਏ,
ਬੋਟੀ ਜਿਗਰ ਦੀ ਜਦੋਂ ਵੀਰਾਨ ਹੋ ਗਈ।
ਮ੍ਰਿਤੂ ਅਭਿਮਨੂੰ ਦੀ ਜਦੋਂ ਸੁਣੀ ਅਰਜਨ,
ਢਿੱਲੀ ਹੱਥਾਂ ਚੋਂ ਤੀਰ ਕਮਾਨ ਹੋ ਗਈ।
ਐਪਰ ਧੰਨ ਹੈ ਕਲਗੀ ਵਾਲਿਆ ਤੂੰ,
ਜਿਸ ਨੇ ਦੇਸ਼ ਤੋਂ ਵਾਰ ਪ੍ਰਵਾਰ ਦਿਤਾ।
ਜ਼ਰਾ ਜਿੰਨਾ ਵੀ ਹੌਂਸਲਾ ਹਾਰਿਆ ਨਹੀਂ,
ਹੱਸ ਹੱਸ ਕੇ ਸਮਾਂ ਗੁਜ਼ਾਰ ਦਿਤਾ।

ਇਸ ਪ੍ਰਕਾਰ ਦੀ ਉਦਾਹਰਣ ਸੰਸਾਰ ਦੇ ਇਤਿਹਾਸ ਵਿਚ ਕਿਤੇ ਨਹੀਂ ਮਿਲਦੀ। ਸੰਸਾਰ ਵਿਚ ਕੋਈ ਅਜਿਹਾ ਵਿਅਕਤੀ ਨਹੀਂ ਹੋਇਆ ਜਿਸ ਨੇ ਖ਼ੁਸ਼ੀ ਨਾਲ ਤੇ ਮੁਸਕਰਾ ਕੇ ਆਪਣੇ ਪਿਤਾ ਤੇ ਪੁਤਰਾਂ ਨੂੰ ਆਪਣੀ ਹੱਥੀਂ ਕੁਰਬਾਨੀ ਦੇਣ ਲਈ ਭੇਜਿਆ ਹੋਵੇ। ਇਸ ਸੰਸਾਰ ਵਿਚ ਹਰ ਇਕ ਮਨੁਖ ਇਹ ਚਾਹੁੰਦਾ ਹੈ ਕਿ ਉਹ ਰਾਜਿਆਂ ਵਾਲਾ ਜੀਵਨ ਬਤੀਤ ਕਰੇ ਅਤੇ ਕਿਸੇ ਕਿਸਮ ਦਾ ਦੁਖ ਤਕਲੀਫ ਨਾ ਹੋਵੇ। ਪਰ ਇਸ ਨੂੰ ਕੌਣ ਨਹੀਂ ਜਾਣਦਾ ਕਿ ਆਜ਼ਾਦੀ ਦਾ ਬੂਟਾ ਲਾਉਣ ਵਾਸਤੇ ਖ਼ੂਨ ਦੀ ਅਹੂਤੀ ਪਾਉਣੀ ਪੈਂਦੀ ਹੈ।

ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਹਰ ਪੱਖ ਤੋਂ ਅਲੌਕਿਕ ਅਤੇ ਅਦੁਤੀ ਹੈ। ਆਪ ਨੇ ਭਾਰਤ ਵਿਚ ਜਰਵਾਨਿਆਂ ਦੇ ਜ਼ੁਲਮ ਤੇ ਕੂੜ ਨੂੰ ਖਤਮ ਕਰਨ ਲਈ ਆਪਣਾ ਸਭ ਕੁਝ ਕੁਰਬਾਨ ਕਰ ਦਿਤਾ। ਜੇਕਰ ਗੁਰੂ ਗੋਬਿੰਦ ਸਿੰਘ ਜੀ ਨਾ ਪੈਦਾ ਹੋਏ ਹੁੰਦੇ ਤਾਂ ਸਾਰੇ ਭਾਰਤ ਵਾਸੀ ਮੁਸਲਮਾਨ ਹੁੰਦੇ, ਕਿਉਂਕਿ ਔਰੰਗਜ਼ੇਬ ਦੇ ਜ਼ੁਲਮਾਂ ਨੂੰ ਕੋਈ ਠੱਲ ਨਹੀਂ ਸੀ ਸਕਦਾ। ਉਸ ਜ਼ੋਰ ਜਬਰੀ ਨਾਲ ਸਾਰਿਆਂ ਨੂੰ ਮੁਸਲਮਾਨ ਬਣਾ ਲੈਣਾ ਸੀ। ਇਸ ਦਾ ਕਥਨ ਬੁਲ੍ਹੇ ਸ਼ਾਹ ਇਸ ਪ੍ਰਕਾਰ ਕਰਦਾ ਹੈ :

ਨਾ ਕਹੂੰ ਅਬ ਕੀ, ਨਾ ਕਹੂੰ ਤਬ ਕੀ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ,
ਤੋ ਸੁੰਨਤ ਹੋਤੀ ਸਭ ਕੀ।

ਗੁਰੂ ਗੋਬਿੰਦ ਸਿੰਘ ਜੀ ਨੇ ਮੁਗ਼ਲ ਰਾਜ *



www.AKJ.Org

# ਪ੍ਰਸ਼ਨ-ਉਤਰ

(ਵਲੋਂ–ਸ੍ਰੀ ਗੁਰੂ ਨਾਨਕ ਸਤਿ ਸੰਗ ਸਭਾ ਸਿੰਘਾਪੁਰ)

ਪ੍ਰਸ਼ਨ:–ਸਿਖ ਨੂੰ ਸੰਤ-ਸਿਪਾਹੀ ਕਿਉਂ ਆਖਿਆ ਜਾਂਦਾ ਹੈ ?

ਉਤਰ:–ਕਿਉਂਕਿ ਸਿਖ ਭਗਤੀ ਵੀ ਕਰਦਾ ਹੈ ਅਤੇ ਧਰਮ ਦੀ ਰਖਿਆ ਲਈ ਗੁਰੂ ਬਖ਼ਸ਼ੀ ਹੋਈ ਕ੍ਰਿਪਾਨ ਲੈ ਕੇ ਜ਼ਾਲਮਾਂ ਤੇ ਵੈਰੀਆਂ ਨਾਲ ਲੜਨਾ ਵੀ ਜਾਣਦਾ ਹੈ।

ਪ੍ਰਸ਼ਨ:–ਕਿਹੜੇ ਗੁਰੂ ਜੀ ਨੂੰ 'ਹਿੰਦ ਦੀ ਚਾਦਰ' ਆਖਿਆ ਜਾਂਦਾ ਹੈ ਤੇ ਕਿਉਂ ?

ਉਤਰ:–ਨੌਂਵੀਂ ਪਾਤਸ਼ਾਹੀ ਸ੍ਰੀ ਗੁਰੂ ਤੇਗ ਬਹਾਦਰ ਜੀ ਨੂੰ, ਕਿਉਂਕਿ ਦੇਸ਼ ਤੇ ਧਰਮ ਬਦਲੇ ਉਨ੍ਹਾਂ ਨੇ ਦਿਲੀ ਵਿਖੇ ਆਪਣਾ ਬਲੀਦਾਨ ਦਿਤਾ।

ਪ੍ਰਸ਼ਨ:–ਕਿਹੜੇ ਗੁਰੂ ਦੋ ਤਲਵਾਰਾਂ ਪਹਿਨਦੇ ਸਨ ਤੇ ਕਿਉਂ ?

ਉਤਰ:–ਛੇਂਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਗੋਬਿੰਦ ਜੀ, ਇਕ ਮੀਰੀ ਦੀ ਤੇ ਇਕ ਪੀਰੀ ਦੀ, ਮੀਰੀ ਤੋਂ ਭਾਵ ਸ਼ਹਿਨਸ਼ਾਹੀ ਅਤੇ ਪੀਰੀ ਤੋਂ ਭਾਵ ਭਗਤੀ ਭਾਵ ਦੀ।

ਪ੍ਰਸ਼ਨ:–ਕਿਹੜੇ ਗੁਰੂ ਜੀ ਨੂੰ ਤਤੀਆਂ ਤਵੀਆਂ ਤੇ ਉਬਲਦੇ ਪਾਣੀ ਵਿਚ ਬਿਠਾਇਆ ਗਿਆ ?

ਉਤਰ:–ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ, ਲਾਹੌਰ ਸ਼ਹਿਰ ਵਿਖੇ ਤਸੀਹੇ ਦਿਤੇ ਗਏ ਤੇ ਸ਼ਹੀਦ ਕੀਤਾ ਗਿਆ, ਕਿਉਂਕਿ ਜਹਾਂਗੀਰ ਨਹੀਂ ਸੀ ਚਾਹੁੰਦਾ ਕਿ ਸਿਖ ਵਧਣ ਫੁਲਣ।

ਪ੍ਰਸ਼ਨ:–ਕਿਹੜੇ ਗੁਰੂ ਜੀ ਨੇ ਇਕ ਗੂੰਗੇ ਤੇ ਬੋਲੇ ਦੇ ਸਿਰ ਤੇ ਆਪਣੀ ਛੜੀ ਰਖ ਕੇ ਗੀਤਾ ਦੇ ਅਰਥ ਕਰਵਾਏ ?

ਉਤਰ:–ਅਠਵੀਂ ਪਾਤਸ਼ਾਹੀ ਸ੍ਰੀ ਗੁਰੂ ਹਰਕ੍ਰਿਸ਼ਨ ਜੀ ਨੇ।

ਪ੍ਰਸ਼ਨ:–ਕਿਹੜੇ ਗੁਰੂ ਜੀ ਨੇ ਸ੍ਰੀ ਤਰਨਤਾਰਨ ਸਾਹਿਬ ਦੀ ਉਸਾਰੀ ਕਰਾਈ ?

ਉਤਰ:–ਸ੍ਰੀ ਗੁਰੂ ਅਰਜਨ ਦੇਵ ਜੀ ਪੰਜਵੇਂ ਗੁਰੂ ਜੀ ਨੇ ਸ੍ਰੀ ਅੰਮ੍ਰਿਤਸਰ ਤੋਂ ਅਠ ਮੀਲ ਦੂਰ ਗੁਰਦੁਆਰਾ ਸ੍ਰੀ ਤਰਨਤਾਰਨ ਸਾਹਿਬ ਨਾਮ ਦਾ ਬਣਵਾਇਆ, ਇਸਦਾ ਸਰੋਵਰ ਬਹੁਤ ਹੀ ਵਡਾ ਹੈ।

---

* ਦੀਆਂ ਜੜ੍ਹਾਂ ਨੂੰ ਸਦਾ ਲਈ ਪੁਟ ਦਿਤਾ। ਦਸਮੇਸ਼ ਪਿਤਾ ਜੀ ਇਨੀ ਵੱਡੀ ਸ਼ਖ਼ਸ਼ੀਅਤ ਦੇ ਮਾਲਕ ਹੁੰਦੇ ਹੋਏ ਵੀ ਅਪਣੇ ਆਪ ਨੂੰ ਵਾਹਿਗੁਰੂ ਦਾ ਦਾਸ ਦੱਸਦੇ ਸਨ। ਆਪ ਆਖਦੇ ਸਨ ਕਿ ਮੈਨੂੰ ਤਾਂ ਵਾਹਿਗੁਰੂ ਨੇ ਜਨਤਾ ਦੀ ਸੇਵਾ ਕਰਨ ਲਈ ਭੇਜਿਆ ਹੈ। ਆਪ ਠੀਕ ਹੀ ਆਖਿਆ ਕਰਦੇ ਸਨ :

ਜੋ ਹਮ ਕਉ ਪਰਮੇਸ਼ਵਰ ਉਚਰ ਹੈ।
ਤੇ ਨਰਕ ਕੁੰਡ ਮੈ ਪਰ ਹੈ।
ਮੈ ਹੂੰ ਪਰਮ ਪੁਰਖ ਕਾ ਦਾਸਾ।
ਦੇਖਨਿ ਆਇਓ ਜਗਤ ਤਮਾਸਾ।



www.AKJ.Org

ਪ੍ਰਸ਼ਨ:–ਕਿਹੜਾ ਗੁਰੂ ਕਾ ਸਿਖ ਬੰਦ ਬੰਦ ਕਟ ਕੇ ਸ਼ਹੀਦ ਕੀਤਾ ਗਿਆ ?

ਉਤਰ:–ਸ੍ਰੀ ਅੰਮ੍ਰਿਤਸਰ ਸਾਹਿਬ ਦੇ ਦੂਜੇ ਗ੍ਰੰਥੀ ਜੀ ਨੂੰ ਲਾਹੌਰ ਵਿਖੇ ਬੰਦ ਬੰਦ ਕਟਕੇ ਸ਼ਹੀਦ ਕੀਤਾ ਗਿਆ। ਭਾਈ ਮਨੀ ਸਿੰਘ ਜੀ ਨੂੰ।

ਪ੍ਰਸ਼ਨ:–ਚਾਰ ਤਖ਼ਤ ਸਾਹਿਬਾਂ ਦੇ ਨਾਮ ਦਸੋ ?

ਉਤਰ:–੧. ਸ੍ਰੀ ਅਕਾਲ ਤਖ਼ਤ ਸਾਹਿਬ ਸ੍ਰੀ ਅੰਮ੍ਰਿਤਸਰ (ਜੋ ਕਿ ਗੋਲਡਨ ਟੈਂਪਲ ਦੇ ਐਨ ਸਾਮ੍ਹਣੇ ਹਨ) ੨. ਸ੍ਰੀ ਕੇਸਗੜ੍ਹ ਸਾਹਿਬ ਸ੍ਰੀ ਅਨੰਦਪੁਰ ਸਾਹਿਬ (ਜਿਥੇ ਖਾਲਸਾ ਪੰਥ ਦੀ ਸਾਜਨਾ ਹੋਈ)। ੩. ਸ੍ਰੀ ਹਰੀਮੰਦਰ ਸਾਹਿਬ, ਸ੍ਰੀ ਪਟਨਾ ਸਾਹਿਬ ਬਿਹਾਰ (ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਹੋਇਆ)। ੪. ਸ੍ਰੀ ਹਜ਼ੂਰ ਸਾਹਿਬ ਨਦੇੜ, ਹੈਦਰਾਬਾਦ ਦਖਣ (ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਏ)।

ਪ੍ਰਸ਼ਨ:–ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਜੀ ਦੇ ਮਹਿਲ ਦਾ ਕੀ ਨਾਮ ਸੀ ?

ਉਤਰ:–ਮਾਤਾ ਸੁਲਖਣੀ ਜੀ।

ਪ੍ਰਸ਼ਨ:–ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ (ਗੋਲਡਨ ਟੈਂਪਲ) ਦੇ ਪਹਿਲੇ ਗ੍ਰੰਥੀ ਜੀ ਦਾ ਕੀ ਨਾਮ ਸੀ ?

ਉਤਰ:–ਬਾਬਾ ਬੁਢਾ ਜੀ, ਜਿਨ੍ਹਾਂ ਨੂੰ ਇਹ ਸੇਵਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਦਿਤੀ। ਆਪ ਜੀ ਦੀ ਆਯੂ ਕਾਫ਼ੀ ਵਡੀ ਸੀ, ਆਪ ਨੇ ਪਹਿਲੀ ਪਾਤਸ਼ਾਹੀ ਤੋਂ ਲੈਕੇ ਛੇਵੀਂ ਤੀਕਣ ਦਰਸ਼ਨ ਕੀਤੇ।

ਪ੍ਰਸ਼ਨ:–ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕਿਸ ਦੀ ਰੋਟੀ ਵਿਚੋਂ ਲਹੂ ਤੇ ਕਿਸਦੀ ਵਿਚੋਂ ਦੁਧ ਕਢ ਵਿਖਾਇਆ ?

ਉਤਰ:–ਸਤਿਗੁਰੂ ਨਾਨਕ ਦੇਵ ਜੀ ਸਾਡੇ ਪਹਿਲੇ ਗੁਰੂ ਜੀ ਨੇ ਏਮਨਾਬਾਦ ਦੇ ਅਮੀਰ, ਹੰਕਾਰੀ ਮਲਕ ਭਾਗੋ ਦੀ ਬੇਈਮਾਨੀ ਦੀ ਕੀਤੀ ਕਮਾਈ ਦੇ ਬਣਾਏ ਮਾਲ੍ਹ ਪੂੜਿਆਂ ਵਿਚੋਂ ਲਹੂ ਤੇ ਗਰੀਬ ਭਾਈ ਲਾਲੋ ਦੀ ਸੁਚੀ ਸਚੀ ਕਮਾਈ ਦੀ ਕੋਧਰੇ ਦੀ ਰੋਟੀ ਵਿਚੋਂ ਦੁਧ ਕਢਕੇ, ਸੱਚ ਤੇ ਝੂਠ ਦਾ ਨਿਤਾਰਾ ਕੀਤਾ।

ਪ੍ਰਸ਼ਨ:–ਖੇਤਾਂ ਵਿਚ ਆਰਾਮ ਕਰਦੇ ਕਿਹੜੇ ਗੁਰੂ ਜੀ ਦੇ ਸੀਸ ਤੇ ਫ਼ਨੀਅਰ ਸੱਪ ਨੇ ਛਾਂ ਕੀਤੀ ਤੇ ਕਿਸ ਨੇ ਵੇਖਿਆ ?

ਉਤਰ:–ਦੁਪਿਹਰ ਨੂੰ ਜਦੋਂ ਤੇਜ਼ ਧੁਪ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਆਰੇ ਮੁਖੜੇ ਤੇ ਪੈ ਰਹੀ ਸੀ ਤਾਂ ਇਕ ਫ਼ਨੀਅਰ ਸੱਪ ਨੇ ਫਨ ਖਿਲਾਰ ਕੇ ਛਾਂ ਕੀਤੀ ਤੇ ਤਲਵੰਡੀ ਦੇ ਹਾਕਮ ਰਾਏ ਬੁਲਾਰ ਨੇ ਇਹ ਵੇਖ ਕੇ ਨਿਸਚਾ ਕਰ ਲਿਆ ਕਿ ਇਹ ਆਪ ਰੱਬ ਦਾ ਸਰੂਪ ਹਨ ਤੇ ਦੁਨੀਆਂ ਤੇ ਆਏ ਹਨ।

## ਕੀ ਤੁਹਾਨੂੰ ਪਤਾ ਹੈ ਕਿ:–

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਆਪਣੇ ਦੋ ਵਡੇ ਸਾਹਿਬਜ਼ਾਦਿਆਂ ਸਾਹਿਬ ਅਜੀਤ ਸਿੰਘ ਜੀ ਤੇ ਸਾਹਿਬ ਜੁਝਾਰ ਸਿੰਘ ਜੀ ਨੂੰ ਚਮਕੌਰ ਦੀ ਜੰਗ ਵਿਚ ਹਥੀਂ ਸ਼ਸਤ੍ਰ ਸਜਾ ਕੇ ਭੇਜਿਆ ਤੇ ਸਿਖਿਆ ਦਿਤੀ, 'ਕਿ, ਮੇਰੇ ਲਾਡਲਿਓ ! ਤੁਸੀਂ ਧਰਮ ਯੁਧ ਵਿਚ ਚਲੇ ਹੋ, ਜੂਝ ਕੇ ਲੜਨਾ, ਵਾਰ ਸਹਿਣਾ ਤੇ ਸਾਹਮਣੇ ਹੋਕੇ ਲੜਨਾ, ਪਿਠ ਨਹੀਂ ਦੇਣੀ'।

ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ੫,੮੯੪ ਸ਼ਬਦ ਹਨ, ਜਿਨ੍ਹਾਂ ਵਿਚੋਂ ੨,੨੧੬ ਸ਼ਬਦ ਪੰਜਵੀਂ ਪਾਤਸ਼ਾਹੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਉਚਾਰੇ ਹੋਏ ਹਨ। ਗੁਰੂ ਵਿਅਕਤੀਆਂ ਤੋਂ ਇਲਾਵਾ ੧੫ ਭਗਤਾਂ ਤੇ ੧੭ ਭਟਾਂ ਦੀ ਬਾਣੀ ਵੀ ਦਰਜ ਹੈ, ਜਿਸਦਾ ਸਤਿਕਾਰ ਅਸੀਂ ਕਰਦੇ ਹੋਏ ਮਥਾ ਟੇਕਦੇ ਹਾਂ।



www.AKJ.Org

# ਸ੍ਰੀ ਗੁਰੂ ਅਰਜਨ ਦੇਵ ਜੀ

(ਵਲੋਂ—ਸਚਖੰਡ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ)

ਪ੍ਰਭੂ ਪਠਾਏ ਧੁਰੋਂ ਆਏ ਧਰਮ ਧੁਰੰਧਰੀ ਸਰਬੱਗ ਪੁਰਖਾਂ ਦੇ ਸ਼ਹੀਦੀ ਸਾਕੇ ਅਲਪੱਗ ਅਕਲਾਂ ਵਾਲੇ ਸੰਸਾਰੀ ਜੀਵ ਕੀ ਲਿਖ ਲਿਖਾ ਸਕਦੇ ਹਨ। ਕਲਾਧਾਰੀ ਅਕਲ ਕਲਾ ਅਪ੍ਰੰਪਰੀ ਅਮਰ ਅਟਾ-ਰਿਆਂ ਦੇ ਧਰਮਧੁਜੀ ਗੁਰੂ ਅਵਤਾਰ ਸ੍ਰੀ ਗੁਰੂ ਅਰਜਨ ਦੇਵ ਦੇ ਸ਼ਹਾਦਤੀ ਚਲਤ ਚੋਜਾਂ ਦਾ ਪਾਰਾ-ਵਾਰ ਤਾਂ ਕੋਈ ਕੀ ਪਾ ਸਕਦਾ ਹੈ। ਭਾਈ ਮੰਝ ਅਤੇ ਮੂਸਨ ਸਾਰਖੇ ਸ੍ਰੀ ਗੁਰੂ ਪੰਚਮ ਪਾਤਸ਼ਾਹ ਦੇ ਅਨਿੰਨ ਸਿੱਖ ਸੰਤ ਭਗਤਾਂ ਦੀ ਕਰਨੀ ਕਮਲ ਜਮਾਲ ਨੂੰ ਭੀ ਉਹੀ ਜਨ ਲਿਖ ਬੁਝ ਸਕਦਾ ਹੈ, ਜੋ ਖ਼ੁਦ ਸਾਹਿਬੇ ਕਸ਼ਫ ਕਮਾਲ ਹੋਵੇ ਅਤੇ ਜਿਸ ਨੂੰ ਗੁਰੂ ਕਰੁਣਾ ਦੁਆਰਾ ਅਗਮ ਦੀ ਅਰੰਮੀ ਸੋਝੀ ਹੋ ਗਈ ਹੋਵੇ। ਜਿਸ ਦੀ ਆਤਮ ਬਿਰਤੀ ਉਹਨਾਂ ਮੰਡਲਾਂ ਵਿਚ ਹੀ ਖੇਡਦੀ ਹੋਵੇ, ਜਿਸ ਉਚ ਮੰਡਲੀ ਮੰਜ਼ਲਾਂ ਉਤੇ ਪੁੱਗ ਚੁਕੇ ਅਲੌਕਿਕ ਸ਼ਹੀਦਾਂ ਦੇ ਭੂਤ ਕਾਲ ਵਿਖੇ ਵਰਤੇ ਸ਼ਹੀਦੀ ਬਿਰਤਾਂਤ ਦਾ ਦ੍ਰਿਸ਼ ਸਾਂਗੋ ਪਾਂਗ ਲਿਖਣ ਨੂੰ ਉਹ ਸਮਰਥ ਹੋਣ, ਓਹੀ ਬਸ ਓਹੀ ਸਚੀ ਸ਼ਹੀਦੀ ਉਤੇ ਕੋਈ ਸਚਾ ਲੇਖ ਲਿਖ ਸਕਦੇ ਹਨ। ਤਿਨ੍ਹਾਂ ਉਤੇ ਛਿਨ ਭੰਗਰ ਮਾਤ੍ਰ ਭੂਤ ਭਵਿਖਤ ਚਮਤਕਾਰਾਂ ਦੇ ਦਾਨੀ ਲਖਣਹਾਰੇ ਹੋਣ ਦੀ ਕ੍ਰਿਸ਼ਮ ਕਟਾਖਸ਼ੀ ਦਿੱਬ ਦ੍ਰਿਸ਼ਟੀਆਂ ਨ ਜ਼ਲ ਹੋ ਗਈਆਂ ਹੋਣ। ਉਹਨਾਂ ਤੋਂ ਵ਼ੀ ਗੁਰੂ ਸਾਹਿਬ ਅਜਹ ਲੇਖ ਲਿਖਣ ਲਿਖਾਉਣ ਦੀ ਸੇਵਾ ਆਪ ਲੈ ਲੈਂਦੇ ਹਨ। ਐਵੇਂ ਮਨ ਮਰਜ਼ੀ ਦੇ ਅਕਲੀ ਢਕੌਂਸਲੇ ਲਿਖ ਲਿਖ ਕੇ ਅਖਬਾਰਾਂ ਦੇ ਕਾਲਮ ਕਾਲੇ ਕਰਨੇ ਕੱਖ ਮਾਤਰ ਭੀ ਲਾਭਦਾਇਕ ਨਹੀਂ ਹੋ ਸਕਦੇ। ਲੋਕਾਂ ਨੂੰ ਲੇਖ ਲਿਖਾਉਣ ਦੇ ਮੇਨੀਏ ਲਗੇ ਹੋਏ ਹਨ। ਤੱਤ ਲਿਖਾਰੀ ਕਿਸੇ ਦੇ ਜ਼ੁੱਚ ਕੀਤੇ ਹੋਏ ਕਦੇ ਕੁਝ ਨਹੀਂ ਲਿਖਣਗੇ। ਜਦੋਂ ਉਹਨਾਂ ਨੂੰ ਆਤਮ ਤਰੰਗੀ ਕੋਈ ਕਾਂਗ ਉਠੇਗੀ ਤਦੋਂ ਉਹਨਾਂ ਦੇ ਅੰਤਰ ਆਤਮੇ ਬਚਿਤਰ ਚਿਤਰਾਂ ਦੇ ਚਿਤ੍ਰ ਸਾਂਗੋ ਪਾਂਗ ਆਨ ਅੰਕ੍ਰਿਤ ਹੋਣਗੇ ਚਿਤ੍ਰਾਂ ਨੂੰ ਲਖ ਕੇ ਲਿਖਿਆ ਲੇਖ ਅਤੇ ਚਿਤ੍ਰਿਆ ਚਿਤਰ ਹੀ ਗੁਣਕਾਰੀ ਹੈ। ਨਾ ਅਸੀਂ ਗੁਰੂ ਅਰਜਨ ਸਾਹਿਬ ਜੀ ਦੇ ਪਾਏ ਤੱਤ ਸ਼ਹੀਦੀ ਪੂਰਨਿਆਂ ਦੀ ਤਹਿ ਨੂੰ ਪੁਜ ਸਕਦੇ ਹਾਂ ਅਤੇ ਨਾ ਉਕਤ ਸ਼ਹੀਦੀ ਤੱਤ ਆਦਰਸ਼ ਦਾ ਅਨੁਮਾਨ ਲਾ ਸਕਦੇ ਹਾਂ। ਐਵੇਂ ਲੋਕੀ ਆਪੋ ਆਪਣੀਆਂ ਅਕਲਾਂ ਦੇ ਲਖਨ ਲਾ ਕੇ ਲੇਖ ਲਿਖਣ ਦਾ ਦਿਲ ਪ੍ਰਚਾਵਾ ਕਰਦੇ ਹਨ। ਅਸਾਨੂੰ ਤਾਂ ਇਹ ਉਸ ਅਤਿ ਉਚੀ ਦਰਗਾਹ ਵਾਲੇ ਸਤਿਗੁਰੂ ਦੀ ਸ਼ਹੀਦੀ ਸ਼ਾਨ ਵਿਚ ਕੁਝ ਲਿਖਣ ਦਾ ਹੀਆ ਨਹੀਂ ਪੈਂਦਾ। ਨਾ ਹੀ ਕੁਝ ਔੜਦਾ ਹੈ। ਉਹਨਾਂ ਦੇ ਚਰਨਾਂ ਵਿਚ ਚੁਭੀ ਮਾਰਕੇ ਜੇ ਇਕ ਅਕਸ ਮਾਤਰ ਭੀ ਉਚੇ ਚੜ੍ਹੀਏ ਤਾਂ ਸ ਨੂੰ ਆਮ ਇਨਸਾਨਾਂ ਵਾਲੀਆਂ ਆਮ ਦੀਨੀ ਦੁਨਿਆਵੀ ਸ਼ਹੀਦਾਂ ਵਾਲੀਆਂ ਸ਼ਹੀਦੀਆਂ ਬਹੁਤ ਹੀ ਨੀਵੀਆਂ ਪ੍ਰਤੀਤ ਹੁੰਦੀਆਂ ਹਨ। ਅਸੀਂ ਅਲਪੱਗ ਸੰਸਾਰੀ ਜੀਵ ਆਪਣੇ ਹੀ ਵਹਿਣਾਂ ਵਿਚ ਰੁੜ੍ਹ ਕੇ ਇਸ ਸ਼ਹੀਦੀ ਖਿਆਲ ਉਪਰ ਭਾਂਤ ਭਾਂਤੀ ਮਨ-ਖ਼ਿਆਲੇ



www.AKJ.Org

ਹਾਸ਼ੀਏ ਚਾੜ੍ਹਦੇ ਹਾਂ । ਵਾਸਤਵ ਵਿਚ ਦੁਨੀਆਂ ਦੂਜਿਆਂ ਦੇ ਮਰਸੀਏ ਪੜ੍ਹ ਪੜ੍ਹ ਆਪੋ ਆਪਣੇ ਦੁਖ ਰੋਂਦੀ ਹੈ ਅਤੇ ਕੀਰਨੇ ਪਾ ਪਾ ਕੇ ਦਸਦੀ ਹੈ ਕਿ ਅਸੀਂ ਹੀ ਮਰਜੀਵਿਆਂ ਦੇ ਪੂਰੇ ਰਾਜ਼-ਸ਼ਨਾਸ ਹਾਂ । ਦੁਖ ਸੁਖ ਰਹਿਤ ਬ੍ਰਹਮ ਗਿਆਨੀ ਸਤਿਗੁਰੂ ਗੁਰੂ ਅਰਜਨ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਲੋਕਾਂ ਦੀਆਂ ਨਜ਼ਰਾਂ ਵਿਚ ਸਹਿਮਨਾਕ ਸਾਕਾ ਦ੍ਰਿਸ਼ਟਾਉਣ ਨੂੰ ਆਮ ਲੇਖਕ ਬੜੇ ਬੜੇ ਦਰਦਨਾਕ ਲੇਖ ਲਿਖਦੇ ਹਨ ਅਤੇ ਪੰਚ ਭੂਤਕ ਦੇਹੀ ਦੇ ਦਾਰਨ ਦੁਖਾਂ ਦਾ ਨਕਸ਼ਾ ਬੰਨ੍ਹ ਬੰਨ੍ਹ ਹੀ ਲੇਖ ਪੜ੍ਹਾਕੂਆਂ ਦੇ ਦਿਲਾਂ ਨੂੰ ਦ੍ਰਵੀ ਭੂਤ ਕਰਾਉਂਦੇ ਹਨ, ਪਰ ਉਥੇ ਦੁਖ ਕਲੇਸ਼ਾਂ ਦੀ ਤੱਤੀ ਵਾਉ ਨਹੀਂ ਲਗ ਸਕਦੀ, ਜਿਥੇ ਪੂਰਨ ਬ੍ਰਹਮ, ਪਾਰਬ੍ਰਹਮ, ਅਕਾਲ ਮੂਰਤੀ ਨਿਰੰਕਾਰੀ ਅਕਾਰ ਹੋਵੇ । ਸਤਿਗੁਰੂ ਦੇ ਸਰੀਰ ਉਤੇ ਛਾਲੇ ਕੀ ਪੈਣੇ ਸੀ, ਇਹ ਅਸਾਡੇ ਹੀ ਦਿਲ ਕੇ ਫਫੋਲੇ ਆਸਾਡੇ ਦਿਲ ਦੀ ਅਗ ਨਾਲ ਜਲ ਉਠਦੇ ਹਨ । ਸਾਨੂੰ ਤਾਂ ਗੁਰਬਾਣੀ ਇਹ ਦ੍ਰਿੜਾਉਂਦੀ ਹੈ ਕਿ ਜਿਨ੍ਹਾਂ ਦੇ ਜੀਅੜੇ, ਹੀਅੜੇ ਅੰਦਰ ਗੁਰੂ ਕਾ ਗਾਰੜ ਮੰਤ੍ਰੀ ਸ਼ਬਦ ਬਚਨ ਵਸਿਆ ਹੈ, ਉਹ ਜਨ ਨਾ ਹੀ ਜਲ ਵਿਚ ਡੁਬ ਸਕਦੇ ਹਨ ਅਤੇ ਨਾ ਹੀ ਅੱਗ ਵਿਚ ਸੜ ਸਕਦੇ ਹਨ । ਅਤੇ ਉਹਨਾਂ ਦੇ ਸਰੀਰਾਂ ਨੂੰ ਤੱਤੇ ਤਵਿਆਂ ਦਾ ਤਾਉ ਅਤੇ ਉਬਲਦੀਆਂ ਦੇਗਾਂ ਦਾ ਦਗਾਉ ਪੋਹ ਹੀ ਨਹੀਂ ਸਕਦਾ । ਤੇਲ ਦੇ ਤੱਤੇ ਕੜਾਹੇ ਵਿਚ ਤਲੀਂਦੇ ਮਰਦਾਨੇ ਨੂੰ ਕਿਸ ਚੀਜ਼ ਨੇ ਉਬਾਰਿਆ ? ਗੁਰੂ ਕੇ ਸ਼ਬਦ ਨੇ ਇਕ ਛਾਲਾ ਭੀ ਪੈਣ ਨਹੀਂ ਦਿਤਾ । ਸਗੋਂ ਤੱਤਾ ਕੜਾਹਾ ਹੀ ਠੰਢਾ ਪੈ ਗਿਆ । ਗੁਰੂ ਨਾਨਕ ਸਾਹਿਬ ਨਿਰੰਕਾਰੀ ਨੇ ਇਹ ਚਲਤ ਰਚਾ ਕੇ ਸਗੋਂ ਕੌਡੇ ਰਾਖਸ਼ ਨੂੰ ਪ੍ਰਾਸਚਿਤ ਅਗਨੀ ਵਿਚ ਤਲਿਆ ਅਤੇ ਫਿਰ ਤਾਉ ਤੇ ਤਾਉ ਦੇ ਕੇ ਉਸ ਦੇ ਕੋਟ ਕੋਟਤੰਰੀ ਪਾਪਾਂ ਅਘਾਂ ਨੂੰ ਪ੍ਰਚੰਡ ਕ੍ਰਿਸ਼ਮਾਇਣੀ ਰਸਾਇਣ ਦੁਆਰਾ ਦਘਧ ਕੀਤਾ । ਗੁਰੂ ਸਾਹਿਬ ਗੁਰੂ ਅਰਜਨ ਦੇਵ ਜੀ ਮਹਾਰਾਜ ਨੇ ਇਹ ਚਲਤ ਆਪਣੇ ਸਰੀਰ ਉਪਰ ਹੀ ਆਪ ਵਰਤਾਏ । ਉਹਨਾਂ ਦੀ ਉਸ਼ਨ ਸੀਤ ਰਹਿਤ ਦੇਹੀ ਨੂੰ ਦੁਸ਼ਟ ਪਾਪੀਆਂ ਦੇ ਦਿਤੇ ਅਗਨ ਦਾਹ ਤਸੀਹਿਆਂ ਦਾ ਦਾਗ ਵੀ ਨਹੀਂ ਲਗਿਆ ਸਗੋਂ ਦੁਸ਼ਟ ਰਾਜ ਦੀ ਜੜ੍ਹ ਮੇਖ ਦਾਗੀ ਦਾਹੀ ਗਈ ! ਇਕੋ ਜੋਤ ਜੁਗਤ ਦੇ ਮਾਲਕ ਤੇਜ ਪੁੰਜ ਗੁਰੂ ਕੀ ਆਪਣੇ ਸਰੀਰ ਉਪਰੋਂ ਇਹ ਸਾਕਾ ਨਹੀਂ ਟਾਲ ਸਕਦੇ ਸਨ, ਜਿਨ੍ਹਾਂ ਨੇ ਮਰਦਾਨੇ ਦੇ ਸਰੀਰ ਨੂੰ ਸਾਕੇ ਦੇ ਸੇਕ ਤੋਂ ਬਚਾਇਆ ਪਰ ਇਸ ਅਦੁਤੀ ਅਹੂਤੀ ਦਿਤੇ ਬਾਝੋਂ ਦੁਖਤ ਪਰਜਾ ਦੇ ਦਾਹ ਨਹੀਂ ਮਿਟ ਸਕਦੇ ਸਨ ਅਤੇ ਦੁਸ਼ਟ ਰਾਜ ਦੇ ਬਿਨਾਸ ਕਾਲ ਦਾ ਬਾਨ੍ਹਣੂੰ ਨਹੀਂ ਬਝ ਸਕਦਾ ਸੀ ਅਤੇ ਇਸ ਇਲਾਹੀ ਰਮਜ਼ ਨੂੰ ਆਮ ਇਨਸਾਨੀ ਅਕਲ ਅਤੇ ਦਿਮਾਗੀ ਫ਼ਿਲਾਸਫ਼ੀ ਕੀ ਸਮਝ ਸਕਦੀ ਹੈ ਮਹਾਂਪੁਰਸ਼ਾਂ ਦੀ ਕੁਰਬਾਨੀ ਦੁਆਰਾ ਜ਼ੁਲਮ ਅਤੇ ਜ਼ਾਲਮਾਂ ਦਾ ਕਿਵੇਂ ਕਾਫ਼ੀਆ ਤੰਗ ਹੁੰਦਾ ਹੈ ਅਤੇ ਜ਼ੁਲਮੀ ਰਾਜ ਦਾ ਕਿਵੇਂ ਬਿਨਾਸ਼ ਹੋ ਜਾਂਦਾ ਹੈ ਅਤੇ ਕਿਵੇਂ ਮਜ਼ਲੂਮਾਂ ਦੀ ਜ਼ੁਲਮ ਤੋਂ ਨਿਜਾਤ ਤੇ ਬੰਦ ਖਲਾਸ ਹੁੰਦੀ ਹੈ । ਇਹੋ ਤਾਂ ਰਮਜ਼ ਹੈ, ਜਿਸ ਨੂੰ ਸੰਸਾਰੀ ਸਿਆਣੇ ਨਹੀਂ ਸਮਝ ਸਕਦੇ ਅਤੇ ਇਸ ਤੋਂ ਵਧ ਕੇ ਹੋਰ ਖਬਰੇ ਕਿਤਨੇ ਕੁ ਰਾਜ਼ ਨਿਆਜ਼ੀ ਗੁਪਤ ਭੇਦ ਮਹਾਂਪੁਰਸ਼ਾਂ ਦੀਆਂ ਸ਼ਹਾਦਤਾਂ ਦੇ ਹੋਣਗੇ, ਜਿਨ੍ਹਾਂ ਨੂੰ ਅਸੀਂ ਅਨੁਮਾਨ ਅੰਦਰ ਭੀ ਨਹੀਂ ਲਿਆ ਸਕਦੇ, ਤਾਂ ਤੇ ਮਸ਼ਟ ਮਗਨ ਰਹਿਣਾ ਹੀ ਉਚਿਤ ਹੈ । ਇਥੇ ਡੀਂਗ ਮਾਰਨ ਦੀ ਨਹੀਂ ਜਾਇ ਵੇ ਅੜਿਆ ।

——

**Matrimonial**—Foreign Retired Officer likes compainona for his two grown up daughters and educated ladies for his two sons (25–30) Gursikh Ramgharia. Family to contoct:—Editor 'SURA' Dhobi Ghat, Patiala.



www.AKJ.Org

# ਸ਼ਹੀਦਾਂ ਦੇ ਸਿਰਤਾਜ

(ਵਲੋਂ–ਭਾਈ ਕੁੰਦਨ ਸਿੰਘ ਜੀ ਗੁਆਲੀਅਰ)

੨੬ ਮਈ ਸੰਨ ੧੫੯੬ ਈਸਵੀ ਦੇ ਦਿਨ ਰਾਵੀ ਦਰਿਆ ਦੇ ਕੰਢੇ ਉਤੇ ਸਾਡੇ ਮਹਾਨ ਸਤਿਗੁਰੂ ਸ੍ਰੀ ਗੁਰੂ ਅਰਜਨ ਦੇਵ ਜੀ, ਜਿਨ੍ਹਾਂ ਦੇ ਮਸਤਕ ਦੀ ਲਾਲੀ, ਚਿਹਰੇ ਦਾ ਖੇੜਾ, ਬੁੱਲ੍ਹਾਂ ਦੀ ਮੁਸਕਾਹਟ ਤੇ ਨੈਣਾਂ ਦੀ ਮਸਤੀ ਹਾਲੀ ਕੈਮ ਸੀ, ਆਪਣੇ ਕੋਲ ਬੈਠੇ ਹੋਏ ਪੰਜ ਮਰਜੀਵੜੇ ਸਿਖਾਂ, ਭਾਈ ਬਿਧੀ ਚੰਦ, ਭਾਈ ਜੇਠਾ, ਭਾਈ ਪਰਾਣਾ, ਭਾਈ ਪੈੜਾ ਤੇ ਭਾਈ ਲੰਙਾ ਜੀ ਨੂੰ ਕਦੀ ਕਦੀ ਉਪਦੇਸ਼ ਦਿੰਦੇ ਤੇ ਧੀਰਜ ਦਿੰਦੇ ਸਨ।

ਤੇਰਾ ਕੀਆ ਮੀਠਾ ਲਾਗੈ।
ਹਰਿ ਨਾਮ ਪਦਾਰਥੁ ਨਾਨਕ ਮਾਗੈ।

ਆਪੇ ਹਰ ਇਕ ਰੰਗ ਹੈ ਆਪੇ ਬਹੁ ਰੰਗੀ।
ਜੋ ਤਿਸ ਭਾਵੇ ਨਾਨਕਾ ਸਾਈ ਗਲ ਚੰਗੀ।

ਭਾਈ ਜੇਠਾ ਜੀ ਨੇ ਕਿਹਾ, ਦਾਤਾ! ਪਾਣੀ ਸਿਰ ਉਤੋਂ ਲੰਘ ਗਿਆ ਹੈ, ਇਕ ਛਿਨ ਵਿਚ ਲਾਹੌਰ ਨੂੰ ਫੂਕ ਕੇ ਰਾਖ ਕਰ ਦਿਆਂ?

ਜੇਠਾ ਜੀ! 'ਤਾਣ ਹੁੰਦੇ ਹੋਏ ਨਿਤਾਣਾ
ਮਾਣ ਹੁੰਦੇ ਹੋਏ ਨਿਮਾਣਾ
ਅਣਹੋਂਦਾ ਆਪ ਵੰਡਾਏ।
ਕੋ ਐਸਾ ਭਗਤ ਸਦਾਏ'।

ਗੁਰੂ ਨਾਨਕ ਦੇ ਘਰ ਵਿਚ ਕੀ ਘਾਟਾ ਹੈ?

ਸਭ ਨਿਧਾਨ ਦਸ ਅਸ਼ਟ ਸਿਧਾਨ,
ਠਾਕਰ ਕਰਤਲ ਧਰਿਆ।
ਜਨ ਨਾਨਕ ਬਲ ਬਲ ਸਦ ਬਲਿ ਜਾਈਐ,
ਤੇਰਾ ਅੰਤ ਨਾ ਪਾਰਾਵਰਿਆ।

ਗੁਰੂ ਅਰਜਨ ਦੇਵ ਜੀ ਨੇ ਮੁਗ਼ਲ ਹਕੂਮਤ ਸਾਮਣੇ ਕੋਈ ਬਗਾਵਤ ਨਹੀਂ ਕੀਤੀ ਸੀ। ਹੋਰ ਕਿਸੇ ਦਾ ਨੁਕਸਾਨ ਨਹੀਂ ਕੀਤਾ ਸੀ। ਫੇਰ ਇਹ ਕਹਿਰ ਕਿਉਂ ਵਰਤਿਆ?

ਗੁਰੂ ਜੀ ਸ਼ਾਂਤੀ ਦੇ ਸਾਗਰ, ਊਚ ਨੀਚ ਨੂੰ ਇਕੋ ਜਿਹਾ ਸਮਝਣ ਵਾਲੇ, ਵੰਡ ਛਕਣ ਦੀ ਰੀਤ ਚਲੌਣ ਵਾਲੇ, ਹਰ ਇਕ ਵਿਚ ਬ੍ਰਹਮ ਦੀ ਜੋਤ ਵੇਖਣ ਵਾਲੇ, ਮਜ਼੍ਹਬਾਂ ਦੇ ਵਿਤਕਰੇ ਤੋਂ ਬਹੁਤ ਉੱਚੇ, ਕੁਰਾਹੇ ਪਏ ਹੋਏ ਸੰਸਾਰੀਆਂ ਨੂੰ ਸਚ ਦੇ ਮਾਰਗ ਦੇ ਪਾਉਣ ਵਾਲੇ ਸਤਿਗੁਰੂ ਨੂੰ, ਇਕ ਸ਼ਰਾਬੀ ਆਚਰਣ ਹੀਣ, ਤਾਕਤ ਦੇ ਨਸ਼ੇ ਵਿਚ ਬੇਸੁਧ, ਰੱਬ ਨੂੰ ਕਤਈ ਭੁਲਿਆ ਹੋਇਆ ਤੇ ਆਪਣੀ ਬਾਦਸ਼ਾਹੀ ਕਾਇਮ ਰਖਣ ਦੇ ਖ਼ਿਆਲ ਨਾਲ ਬੁਰੇ ਤੋਂ ਬੁਰਾ ਕੰਮ ਕਰ ਗੁਜ਼ਰਨ ਵਾਲਾ ਜਹਾਂਗੀਰ ਕਿਸ ਤਰ੍ਹਾਂ ਚੰਗਾ ਸਮਝ ਸਕਦਾ ਸੀ? ਮੁਗ਼ਲ ਬਾਦਸ਼ਾਹਾਂ ਵਿਚੋਂ ਸਭ ਤੋਂ ਵਧੀਕ ਆਰਾਮ ਤੇ ਐਸ਼ ਜਹਾਂਗੀਰ ਨੇ ਹੀ ਮਾਣਿਆ ਹੈ। ਇਸ ਦੇ ਰਾਜ ਦੇ ਸਮੇਂ ਅੰਦਰ ਦੋ ਤਿੰਨ ਹੀ ਮਾੜੇ ਮੋਟੇ ਜੰਗ ਹੋਏ ਹਨ। ਬੰਗਾਲ ਦੇ ਹਾਕਮ ਸ਼ੇਰ ਅਫਗ਼ਨ ਨਾਲ ਧਿੰਙੋਂ ਜ਼ੋਰੀ ਲੜਾਈ ਛੇੜੀ, ਉਸ ਨੂੰ ਮਾਰ ਕੇ ਉਸ ਦੀ ਖ਼ੂਬਸੂਰਤ ਬੇਗਮ ਆਪਣੇ ਹਰਮ ਵਿਚ ਲੈ ਆਂਦੀ। ਇਸ ਦੇ ਮਹੱਲਾਂ ਵਿਚ ਪਹਿਲਾਂ ਵੀ ਹਜ਼ਾਰਾਂ ਹੀ ਹਿੰਦੂ ਤੇ ਮੁਸਲਮਾਨ ਬੇਗਮਾਂ ਰਹਿੰਦੀਆਂ ਸਨ।



www.AKJ.Org

ਦੂਸਰੀ ਲੜਾਈ ਇਸ ਨੂੰ ਆਪਣੇ ਵਡੇ ਲੜਕੇ ਖੁਸਰੋ ਨਾਲ ਕਰਨੀ ਪਈ। ਸ਼ਾਹਜ਼ਾਦਾ ਖੁਸਰੋ ਬੜਾ ਬਹਾਦਰ, ਖੂਬਸੂਰਤ ਰਾਜ ਪ੍ਰਬੰਧ ਦੇ ਯੋਗ ਤੇ ਪਰਜਾ ਵਿਚ ਪਿਆਰਾ ਸੀ। ਅਕਬਰ ਆਪਣੇ ਮਰਨ ਤੋਂ ਪਿਛੋਂ ਜਹਾਂਗੀਰ ਦੇ ਥਾਂ ਉਸ ਦੇ ਲੜਕੇ ਭਾਵ ਖੁਸਰੋ ਨੂੰ ਰਾਜ ਪ੍ਰਬੰਧ ਸੌਂਪਣਾ ਚਾਹੁੰਦਾ ਸੀ, ਪਰ ਇਹ ਗਲ ਕਿਸੇ ਕਾਰਨ ਨਾ ਬਣ ਸਕੀ। ਅਕਬਰ ਦੇ ਮਰਨ ਪਿਛੋਂ ਖੁਸਰੋ ਆਕੀ ਹੋ ਗਿਆ। ਜਹਾਂਗੀਰ ਨਾਲ ਥੋੜੀ ਜਹੀ ਲੜਾਈ ਕਰਨ ਪਿਛੋਂ ਹਾਰ ਗਿਆ, ਉਸਨੂੰ ਕੈਦੀ ਬਣਾ ਕੇ ਬਾਦਸ਼ਾਹ ਦੇ ਹਜ਼ੂਰ ਪੇਸ਼ ਕੀਤਾ ਗਿਆ। ਜਹਾਂਗੀਰ ਨੇ ਉਸਨੂੰ ਤਰਸਾ ਤਰਸਾਕੇ ਮਰਵਾ ਦਿਤਾ। ਹੋਰ ਸਾਧਾਰਨ ਝੜਪਾਂ ਰਾਜਸਥਾਨ ਦੇ ਰਾਜਿਆਂ ਨਾਲ ਵੀ ਹੋਈਆਂ ਸਨ।

ਜਹਾਂਗੀਰ ਦੀ ਅੱਖ ਦਾ ਮੈਲਾ ਸ਼ੀਸ਼ਾ ਗੁਰੂ ਜੀ ਨੂੰ ਠੀਕ ਨਾ ਵੇਖ ਸਕਿਆ। ਉਹਦੇ ਮਨ ਵਿਚ ਗੁਰੂ ਜੀ ਦੇ ਵਿਰੁਧ ਘਿਰਨਾ ਦੀ ਅੱਗ ਬਲ ਰਹੀ ਸੀ। ਮੂਲ ਕਾਰਨ ਇਹ ਸਨ:—

(੧) ਗੁਰੂ ਗ੍ਰੰਥ ਸਾਹਿਬ ਦੀ ਰਚਨਾ। ਜਿਸ ਵਿਚ ਸਾਰੇ ਮਹਾਂਪੁਰਸ਼ਾਂ ਦੀ ਬਾਣੀ, ਮਜ਼ਹਬ ਤੇ ਜਾਤੀ ਭਾਵ ਤੋਂ ਉੱਚੇ ਹੋ ਕੇ ਇਕੋ ਜਹੇ ਸਤਿਕਾਰ ਨਾਲ ਲਿਖੀ ਸੀ। ਉਸ ਨੂੰ ਆਪਣੇ ਵਜ਼ੀਰ, ਵਜ਼ੀਰ ਖਾਂ ਜੈਸੇ ਵੀ ਪਰੇਰੇ ਗਏ ਦਿਸੇ; ਮੇਲ ਲੈਣ ਵਾਲੇ ਬਾਦਸ਼ਾਹਾਂ ਨੂੰ ਬੁਰੇ ਹੀ ਲਗਦੇ ਹਨ।

(੨) ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ— ਚਾਰ ਵਰਨਾਂ ਤੇ ਹੋਰ ਹਰ ਇਕ ਲਈ ਔਣ ਜਾਣ ਦੀ ਖੁਲ ਕਰ ਦੇਣ ਦੇ ਖਿਆਲ ਨਾਲ ਚਾਰ ਦਰਵਾਜ਼ੇ ਰੱਖੇ। ਨੀਂਹ ਪੱਥਰ ਇਕ ਮੁਸਲਮਾਨ ਮਹਾਂ ਪੁਰਸ਼ ਸਾਈਂ ਮੀਆਂ ਮੀਰ ਨੇ ਰਖਿਆ। ਉਸਨੂੰ ਮੁਸਲਮਾਨਾਂ ਦੇ ਪੀਰ ਫਕੀਰ ਵੀ ਗੁਰੂ ਜੀ ਵਲ ਝੁਕਦੇ ਹੋਏ ਨਜ਼ਰ ਆਏ।

(੩) ਗੁਰੂ ਘਰ ਦੀ ਉਦਾਰਤਾ—ਗੁਰੂ ਘਰ ਨਾ ਕਿਸੇ ਤੋਂ ਡਰ ਖਾਂਦਾ ਹੈ, ਤੇ ਨਾ ਹੀ ਡਰਾਂਦਾ ਹੈ—

ਭੈ ਕਾਹੂੰ ਕਉ ਦੇਤ ਨਹਿ,
ਨਹਿ ਭੈ ਮਾਨਤ ਆਨ।
ਕਹੁ ਨਾਨਕ ਸੁਣ ਰੇ ਮਨਾ,
ਗਿਆਨੀ ਤਾਹਿ ਬਖਾਨ।

ਤੇ ਹਰ ਆਏ ਹੋਏ ਨੂੰ ਆਦਰ ਦਿੰਦਾ ਹੈ—

ਜੋ ਸਰਨ ਆਵੈ ਤਿਸ ਕੰਠ ਲਾਏ
ਇਹ ਬਿਰਧ ਸੁਵਾਮੀ ਸੰਦਾ।

ਬਿਆਸ ਦਰਿਆ ਨੂੰ ਪਾਰ ਕਰਦਾ ਹੋਇਆ ਸ਼ਾਹ-ਜ਼ਾਦਾ ਖੁਸਰੋ ਗੋਇੰਦਵਾਲ ਦੇ ਕੋਲੋਂ ਦੀ ਲੰਘਿਆ। ਏਥੇ ਉਸ ਨੇ ਗੁਰੂ ਕੇ ਲੰਗਰ ਵਿਚੋਂ ਪਰਸ਼ਾਦਾ ਛਕਿਆ, ਆਰਾਮ ਕੀਤਾ ਤੇ ਅਗੇ ਨੂੰ ਚਲਿਆ ਗਿਆ। ਚੁਗਲੀ ਲਾਉਣ ਵਾਲਿਆਂ ਨੇ ਏਸੇ ਗਲ ਨੂੰ 'ਖੰਭਾਂ ਦੀਆਂ ਡਾਰਾਂ ਬਣਾ ਕੇ' ਜਹਾਂਗੀਰ ਦੇ ਕੱਚੇ ਕੱਨਾਂ ਤਕ ਪੁਚਾ ਦਿਤਾ।

(੪) ਪ੍ਰਿਥੀ ਚੰਦ ਦਾ ਵਿਰੋਧ:—ਪ੍ਰਿਥੀ ਚੰਦ ਨੇ ਫਰੇਬਾਂ ਦੇ ਨਾਲ ਧਨ ਤੇ ਪਰਚਾਰਕ ਬਹੁਤ ਇਕੱਠੇ ਕਰ ਲਏ, ਪਰ ਉਹਦੇ ਵਿਚ 'ਤਖਤ ਬਹੈ ਤਖਤੈ ਕੇ ਲਾਇਕ' ਵਾਲਾ ਗੁਣ ਨਹੀਂ ਸੀ। ਉਹ ਹਰ ਵੇਲੇ ਈਰਖਾ, ਚੁਗਲੀ, ਨਿੰਦਿਆ ਤੇ ਧੋਖਾ ਕਰਨਾ ਹੀ ਸੋਚਦਾ ਸੀ। ਗੁਰੂ ਰਾਮਦਾਸ ਜੀ ਵਲੋਂ ਪਾਏ ਕਰੜੇ ਪਰਚਿਆਂ ਵਿਚੋਂ ਕੇਵਲ ਗੁਰੂ ਅਰਜਨ ਦੇਵ ਹੀ ਪੁਗ ਸਕੇ। ਪਿਰਥੀਏ ਨੇ ਗੁਰਗੱਦੀ ਪਰਾਪਤ ਕਰਨ ਲਈ ਗੁਰੂ ਅਰਜਨ ਦੇਵ ਜੀ ਨੂੰ ਆਪਣੇ ਵੈਰ ਦਾ ਨਸ਼ਾਨਾ ਬਣਾਇਆ। ਉਸ ਨੇ ਜਹਾਂਗੀਰ ਦੀ ਜੀ ਹਜ਼ੂਰੀ ਕਰਕੇ ਉਹਦੀ ਸਮੀਪਤਾ ਹਾਸਲ ਕੀਤੀ।

(੫) ਚੰਦੂ ਦੀ ਲੜਕੀ ਦਾ ਰਿਸ਼ਤਾ ਨਾ ਲੈਣ ਕਰਕੇ, ਉਹ ਗੁਰੂ ਜੀ ਨਾਲ ਵੈਰ ਭਾਵ ਰਖਣ ਲਗ ਪਿਆ। ਚੰਦੂ ਜਹਾਂਗੀਰ ਦੇ ਦਰਬਾਰ ਦਾ ਜਾਂ ਦਫਤ੍ਰ ਦਾ ਸਭ ਤੋਂ ਵਧ ਕਮੀਨਾ ਆਦਮੀ ਸੀ। ਉਸ ਨੂੰ ਕਈ ਇਤਹਾਸਕਾਰਾਂ ਜਹਾਂਗੀਰ ਦਾ ਪਰਧਾਨ ਮੰਤਰੀ ਲਿਖਿਆ ਹੈ। ਪਰ ਇਹ ਗਲ ਹਾਲੇ ਖੋਜ ਗੋਚਰੀ ਹੈ। ਉਸ ਨੇ ਵਢੀਆਂ ਲੈ ਕੇ ਬਹੁਤ



www.AKJ.Org

ਸਾਰਾ ਧਨ ਅਕੱਠਾ ਕਰ ਲਿਆ ਸੀ, ਤੇ ਨੀਚ ਕਰਮ ਕਰ ਕੇ ਵੀ ਆਪਣੀ ਵਡਿਆਈ ਬਣਾ ਲੈਂਦਾ ਸੀ। ਉਹ ਲੋਕਾਂ ਦੇ ਕੰਮ ਕਰੌਣ ਦੇ ਪਜ ਨਾਲ ਆਪਣਾ ਢਿਡ ਭਰ ਰਿਹਾ ਸੀ। ਉਸ ਦੀ ਦਸ਼ਾ 'ਚੋਰ ਉਚੱਕਾ ਚੌਧਰੀ' ਵਾਲੀ ਸੀ। ਗੰਦੇ ਰਾਜ ਵਿਚ ਨੀਚਾਂ ਦੀ ਚਲਦੀ ਹੈ। ਉਸ ਨੇ ਆਪਣੀ ਲੜਕੀ ਦਾ ਸਾਕ ਗੁਰੂ ਜੀ ਦੇ ਸਾਹਿਬਜ਼ਾਦੇ ਗੁਰੂ ਹਰਿਗੋਬਿੰਦ ਸਾਹਿਬ ਨਾਲ ਕਰਨਾ ਚਾਹਿਆ। ਪਰ ਗਲ ਨਾ ਬਣਨ ਦੇ ਕਾਰਨ ਗੁਰੂ ਜੀ ਦਾ ਵਿਰੋਧੀ ਬਣ ਗਿਆ।

ਇਨ੍ਹਾਂ ਕਾਰਨਾਂ ਕਰਕੇ ਜਹਾਂਗੀਰ ਨੂੰ ਭੜਕਾਇਆ ਗਿਆ। ਉਸ ਨੇ ਆਪਣੇ ਹੁਕਮ ਨਾਲ ਮੁਰਤਜ਼ਾ ਖਾਂ ਨੂੰ ਗੁਰੂ ਜੀ ਨੂੰ ਗਰਿਫਤਾਰ ਕਰਨ ਲਈ ਭੇਜਿਆ। ਸਤਿਗੁਰੂ ਆਪ ਹੀ ਲਾਹੌਰ ਵਲ ਤੁਰ ਪਏ ਤੇ ਭਾਈ ਸੁਧੂ ਰਾਮ ਦੇ ਘਰ ਰਹੇ। ਏਥੋਂ ਹੀ ਆਪ ਨੂੰ ਹਰਾਸਤ ਵਿਚ ਲੈ ਲਿਆ ਗਿਆ। ਇਹ ਫੈਸਲਾ ਕੀਤਾ ਗਿਆ ਕਿ ਯਾਸਾ ਦੀ ਸਜ਼ਾ ਨਾਲ ਮਾਰਿਆ ਜਾਵੇ। ਯਾਸਾ ਉਹ ਸਜ਼ਾ ਹੁੰਦੀ ਹੈ ਜਿਸ ਵਿਚ ਮਰਨ ਵਾਲੇ ਦਾ ਲਹੂ ਨਹੀਂ ਵਗਦਾ। ਚੰਦੂ ਦੀ ਸਪੁਰਦਗੀ ਵਿਚ ਸ਼ਾਹੀ ਕਿਲਾ ਲਾਹੌਰ ਦੇ ਲਾਗੇ ਇਕ ਹਵੇਲੀ ਵਿਚ ਰਖਿਆ ਗਿਆ। ਉਸ ਹਵੇਲੀ ਵਿਚ ਹੀ ਇਹ ਦਰਦਨਾਕ ਕਾਂਡ ਵਰਤਿਆ।

ਛੋਟ ਦੇਣ ਦੀਆਂ ਸ਼ਰਤਾਂ ਰਖੀਆਂ ਗਈਆਂ।

(ੳ) ਮੁਸਲਮਾਨ ਬਣ ਜਾਓ।

(ਅ) ਗੁਰੂ ਗ੍ਰੰਥ ਸਾਹਿਬ ਵਿਚ ਬਾਦਸ਼ਾਹ ਦੀ ਮਰਜ਼ੀ ਨਾਲ ਕੁਛ ਵਧਾ ਘਟਾ ਕਰੋ।

(ੲ) ਚੰਦੂ ਦੀ ਲੜਕੀ ਦਾ ਰਿਸ਼ਤਾ ਸਵੀਕਾਰ ਕਰੋ, ਆਦਿ। ਗੁਰੂ ਅਰਜਨ ਦੇਵ ਜੀ ਜੈਸੀ ਮਹਾਨ ਹਸਤੀ ਲਈ ਇਹ ਗੱਲਾਂ ਮੰਨਣੀਆਂ ਗ਼ੈਰ ਕੁਦਰਤੀ ਤੇ ਅਣਹੋਣੀਆਂ ਸਨ। ਸੋ ਸਾਫ਼ ਇਨਕਾਰ ਕਰ ਦਿਤਾ। 'ਸੁਖਮਨੀ' ਦੇ ਰਚਨਹਾਰ ਨੂੰ ਪਹਿਲਾਂ ਉਬਲਦੀ ਦੇਗ ਵਿਚ ਬੈਠਣ ਲਈ ਕਿਹਾ ਗਿਆ। ਸਤਿਗੁਰੂ ਹੱਸ ਕੇ ਬੈਠ ਗਏ। ਫੇਰ ਅੱਗ ਨਾਲ ਲਾਲ ਕੀਤੀ ਹੋਈ ਲੋਹ ਤੇ ਖੜਾ ਕੀਤਾ ਗਿਆ। ਫਿਰ ਲੋਹ ਉਤੇ ਬੈਠਣ ਲਈ ਕਿਹਾ ਗਿਆ। ਲੋਹ ਉਤੇ ਬਠਾ ਕੇ ਵੀ ਜ਼ਾਲਮ ਦਾ ਮਨ ਸੰਨਤੁਸ਼ਟ ਨਾ ਹੋਇਆ। ਉਨ੍ਹਾਂ ਸੀਸ ਉਤੇ ਤੱਤੀ ਤੱਤੀ ਰੇਤ ਦੇ ਕੜਛੇ ਪਾਉਣੇ ਆਰੰਭ ਕੀਤੇ। ਗੁਰੂ ਜੀ ਦੀ ਅਡੋਲਤਾ ਵਿਚ ਕੋਈ ਫਰਕ ਨਾ ਪਿਆ।

ਨਿਰਭਉ ਤੇ ਨਿਰਵੈਰ ਦੇ ਉਪਾਸ਼ਕ ਭਾਣਾ ਮਨਿਆ ਕਰਦੇ ਹਨ ਈਨਾਂ ਨਹੀਂ ਮਨਿਆਂ ਕਰਦੇ। ਚੰਦੂ ਨੇ ਗੁਰੂ ਜੀ ਨੂੰ ਦਬੋਣ ਲਈ ਬਹੁਤੇਰੇ ਜਤਨ ਕੀਤੇ। ਪਰ ਉਸ ਬਦਨਸੀਬ ਆਦਮੀ ਨੂੰ ਗੁਰੂ ਜੀ ਦੀ ਅਗੰਮਤਾ ਦੀ ਸਮਝ ਨਾ ਹੀ ਪੈ ਸਕੀ।

ਰਾਜ ਬਿਨਾਸੀ ਤਾਮ ਬਿਨਾਸੀ,
ਸਾਤਕੁ ਭੀ ਬੇਨਾਧਾ।
ਦ੍ਰਿਸਟਿਮਾਨ ਹੈ ਸਗਲ ਬਿਨਾਸੀ,
ਇਕਿ ਸਾਧ ਬਚਨ ਆਗਾਧਾ।

ਜਹਾਂਗੀਰ ਆਪਣੇ ਕਰਮਚਾਰੀਆਂ ਨੂੰ ਸਮਝਾ ਬੁਝਾ ਕੇ ਆਪ ਕਸ਼ਮੀਰ ਚਲਾ ਗਿਆ। ਉਸ ਨੂੰ ਕਸ਼ਮੀਰ ਵਿਚ ਜਾ ਕੇ ਵੀ ਈਰਖਾ ਦੀ ਅੱਗ ਸਾੜਦੀ ਰਹੀ, ਸਤਿਗੁਰੂ ਤੱਤੀ ਲੋਹ ਉਤੇ ਬੈਠੇ ਹੋਏ ਭੀ ਸ਼ਾਂਤ ਚਿਤ ਸਨ। ਜਹਾਂਗੀਰ ਨੇ ਗੁਪਤ ਆਵਾਜ਼ ਸੁਣੀ।

'ਉਏ ਮੂਰਖਾ! ਜਿਸ ਦੇ ਦਰਸ਼ਨ ਕਰ ਕੇ ਬੰਦਾ ਰੱਬ ਤਕ ਪਹੁੰਚਦਾ ਏ, ਉਸ ਨੂੰ ਤਸੀਹੇ ਦੇ ਕੇ ਮਰਨ ਦਾ ਜਤਨ ਨਾ ਕਰ!'

'ਉਏ! ਬੰਦੇ ਦੇ ਰੂਪ ਵਿਚ ਆਪ ਪਰਮੇਸ਼ਰ ਹਈ! ਆਪਣੀ ਭੁਲ ਬਖਸ਼ਾ। ਆਪਣੀ ਆਤਮਾ ਦਾ ਵੀ ਭਲਾ ਕਰ ਲੈ।'

'ਉਏ! ਗੁਰੂ ਨਾਨਕ ਜੀ ਨੇ ਜਦੋਂ ਤੇਰੇ ਵਡੇਰੇ ਬਾਬਰ ਨੂੰ ਸਤ ਪਾਤਸ਼ਾਹੀਆਂ ਕਰਨ ਦਾ ਵਰ ਬਖਸ਼ਿਆ ਸੀ ਤੇ ਨਾਲ ਹੀ ਕਹਿ ਦਿਤਾ ਸੀ, ਜਦੋਂ ਜ਼ਾਲਮ ਬਣੋਗੇ, ਅਸੀਂ ਸਤ ਸੀਸ ਦੇ ਕੇ ਇਹ ਰਾਜ ਖੋਹ ਲਵਾਂਗੇ। ਉਹ ਬਣਤ ਬਣ ਰਹੀ ਹੈ, ਤੁਹਾਡਾ ਰਾਜ ਤਬਾਹ ਕਰਨ ਵਾਸਤੇ ਗੁਰੂ ਨਾਨਕ ਆਪਣਾ



www.AKJ.Org

ਸੀਸ ਪਹਿਲੀ ਵਾਰ ਦੇ ਰਹੇ ਹਨ। ਮੂਰਖਾ! ਵੇਲਾ ਸੰਭਾਲ'।

'ਉਏ! ਉਹ ਵੇਲਾ ਨੇੜੇ ਆ ਰਿਹਾ ਹੈ ਜਦੋਂ ਗੁਰੂ ਅਰਜਨ ਦੇਵ ਦੇ ਪਿਆਰਿਆਂ ਨੇ ਏਸੇ ਲੀਹ ਉੱਤੇ ਤੁਰਨਾ ਹੈ। ਉਹ ਹਸ ਹਸ ਕੇ ਜਾਨਾਂ ਵਾਰਨਗੇ ਤੇ ਜ਼ੁਲਮ ਦਾ ਨਿਸ਼ਾਨ ਮਿਟਾਉਣਗੇ ਉਏ। ਤੇਰੀ ਸੰਤਾਨ ਦੇ ਹਥ ਵਿਚ ਠੂਠੇ ਫੜਾ ਦੇਣਗੇ ਤੇਰੀ ਸੰਤਾਨ ਬਾਦਸ਼ਾਹ ਤੇ ਸ਼ਾਹਜ਼ਾਦੇ ਨਹੀਂ ਹੋਵੇਗੀ ਸਗੋਂ ਦਿਲੀ, ਮਥਰਾ, ਹਾਥਰਸ, ਟੁੰਡਲਾ ਆਗਰਾ ਤੇ ਕਾਨ੍ਹਪੁਰ ਆਦਿ ਥਾਵਾਂ ਵਿਚ ਭੀਖ ਮੰਗਦੇ ਫਿਰਨਗੇ। ਏਸੇ ਸ਼ਾਹੀ ਕਿਲੇ ਉਤੇ ਗੁਰੂ ਕਾ ਝੰਡਾ ਝੂਲੇਗਾ। ਸਿਖ ਸਾਰੀ ਦੁਨੀਆਂ ਵਿਚ ਮਾਨ ਪ੍ਰਾਪਤ ਕਰਨਗੇ।

ਦਿਨ ਮਾੜੇ ਹੋਣ ਤੇ ਦਿਲ ਦੇ ਲੋਹੇ ਉੱਤੇ ਅਕਲ ਦੇ ਚੁੰਬਕ ਦਾ ਅਸਰ ਨਹੀਂ ਹੁੰਦਾ। ਜਹਾਂਗੀਰ ਦੀ ਅਕਲ ਦੇ ਦਰਵਾਜ਼ੇ ਬੰਦ ਰਹੇ। ਚੰਦੂ ਏਨ੍ਹਾਂ ਸ਼ਰਾਰਤਾਂ ਨਾਲ ਆਪਣੇ ਆਪ ਨੂੰ ਬਾਦਸ਼ਾਹ ਦੀ ਵਡਿਆਈ ਦਾ ਪਾਤਰ ਸਮਝ ਰਿਹਾ ਸੀ।

ਰਾਵੀ ਦੇ ਕੰਢੇ ਉਤੇ ਸ਼ਹੀਦਾਂ ਦੇ ਸਿਰਤਾਜ ਨੂੰ ਪੰਜੇ ਸਿਖ ਰਾਵੀ ਦੇ ਪਾਣੀ ਵਿਚ ਲੈ ਗਏ। ਪਾਣੀ ਉਤੇ ਰਖਣ ਦੀ ਹੀ ਡੇਰ ਸੀ ਕਿ ਹਥਾਂ ਵਿਚ ਪਾਣੀ ਹੀ ਰਹਿ ਗਿਆ। ਸਤਿਗੁਰੂ ਜੀ ਨੇ ਆਪਣੇ ਪੰਚ ਭੂਤਕ ਦੇਹ ਪੰਜਾਂ ਤੱਤਾਂ ਵਿਚ ਮਿਲਾ ਲਈ।

ਜਲ ਕਾ ਜਲ ਹੂਆ ਰਾਮ ਸੂਰਜ ਕਿਰਨ ਮਿਲੇ।
ਸੰਪੂਰਨ ਥੀਆ ਰਾਮ, ਜੋਤੀ ਜੋਤ ਰਲੇ।

ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੀ ਇਸ ਕੁਰਬਾਨੀ ਦੇ ਪਿਛੋਂ ਆਪ ਦੇ ਪੋਤਰੇ ਗੁਰੂ ਤੇਗ਼ ਬਹਾਦਰ ਜੀ ਨੇ ਦਿਲੀ ਵਿਚ ਸ਼ਹੀਦੀ ਪਰਾਪਤ ਕੀਤੀ। ਫਿਰ ਗੁਰੂ ਗੋਬਿੰਦ ਸਿੰਘ ਦੇ ਮਾਤਾ ਜੀ ਤੇ ਚਾਰੇ ਸਾਹਿਬਜ਼ਾਦੇ ਸ਼ਹੀਦ ਹੋਏ। ਉਸ ਤੋਂ ਪਿਛੋਂ ਸਿਖ ਕੌਮ ਵਿਚ ਧਰਮ ਦੀ ਸ਼ਮ੍ਹਾਂ ਤੋਂ ਕੁਰਬਾਨ ਹੋਣ ਵਾਲੇ ਪਰਵਾਨਿਆਂ ਦਾ ਹੜ੍ਹ ਆ ਗਿਆ। ਜਿਸ ਦੇ ਕਾਰਨ ਦੁਨੀਆਂ ਵਿਚ ਸਚਾਈ ਤੇ ਧਰਮ ਦਾ ਨਸ਼ਾਨ ਬਾਕੀ ਰਹਿ ਗਿਆ ਹੈ। ਏਸੇ ਸ਼ਹੀਦੀ ਦੇ ਸਦਕੇ ਕੇਵਲ ਮਾਲਾ ਫੇਰਨ ਵਾਲੇ ਸਿਖ ਸੰਤ ਸਿਪਾਹੀ (ਖਾਲਸਾ) ਬਣੇ। ਜਿਨ੍ਹਾਂ ਜ਼ਾਲਮ ਮੁਗ਼ਲ ਹਕੂਮਤ ਦੀਆਂ ਪਤਾਲ ਤਕ ਪਹੁੰਚੀਆਂ ਹੋਈਆਂ ਜੜ੍ਹਾਂ ਪੁਟ ਕੇ ਰਖ ਦਿਤੀਆਂ।

---

# ਸਰਸਾ ਵਿਖੇ ਅਖੰਡ ਕੀਰਤਨ ਸਮਾਗਮ

ਸਤਿਗੁਰੂ ਜੀ ਦੀ ਅਪਾਰ ਬਖ਼ਸ਼ਸ਼ ਦਾ ਸਦਕਾ ੩੦, ੩੧ ਮਈ ੧੯੭੦ ਦਿਨ ਸ਼ਨੀ, ਐਤਵਾਰ ਨੂੰ ਸਰਸੇ ਵਿਖੇ ਕੀਰਤਨ ਸਮਾਗਮ ਹੋ ਰਹੇ ਹਨ। ਜਿਨ੍ਹਾਂ ਵਿਚ ਅਖੰਡ ਕੀਰਤਨੀ ਜਥਾ ਪਟਿਆਲਾ, ਦਿਲੀ, ਬਠਿੰਡਾ ਤੇ ਲੁਧਿਆਣਾ ਤੋਂ ਜਥੇ ਪੁਜ ਰਹੇ ਹਨ। ਸੰਮੂਹ ਸੰਗਤਾਂ ਸਮੇਂ ਸਿਰ ਦਰਸ਼ਨ ਬਖ਼ਸ਼ਣ।

ਪ੍ਰੋਗਰਾਮ :—੩੦ ਮਈ ਅੰਮ੍ਰਿਤ ਵੇਲੇ ਕੀਰਤਨ ਆਸਾ ਦੀ ਵਾਰ ਗੁਰਦਵਾਰਾ ਚਿਲ੍ਹਾ ਸਾਹਿਬ ਵਿਖੇ ਹੋਵੇਗਾ।
੩੦ ਮਈ ਰਾਤ ਰੈਣ ਸਬਾਈ ਕੀਰਤਨ ਆਰੰਭ ੮ ਵਜੇ ਵੱਡਾ ਗੁ: ਸ੍ਰੀ ਗੁਰੂ ਗੋਬਿੰਦ ਸਿੰਘ ਜੀ।
੩੧ ਮਈ ਐਤਵਾਰ ਸਵੇਰੇ ੬ ਵਜੇ ਸਮਾਪਤੀ ਕੀਰਤਨ ਰੈਣ ਸਬਾਈ।

ਸੰਗਤਾਂ ਦੀ ਰਿਹਾਇਸ਼ ਦਾ ਪ੍ਰਬੰਧ ਧਰਮਸਾਲਾ ਸੂਰਜ ਭਾਨ ਮੋਂਗਾ, ਗਲੀ ਬੇਰੀ ਵਾਲੀ (ਵਡੇ ਗੁਰਦਵਾਰਾ ਸਾਹਿਬ ਦੇ ਨਜ਼ਦੀਕ) ਵਿਖੇ ਹੋਵੇਗਾ।

ਨੋਟ:—ਸਰਸਾ, ਬਠਿੰਡਾ-ਹਿਸਾਰ ਰੇਲਵੇ ਲਾਈਨ ਤੇ ਸਟੇਸ਼ਨ ਹੈ।

ਪੁਛ ਗਿੱਛ ਲਈ—
ਸ: ਜੈਮਲ ਸਿੰਘ, 162-A, ਨਵੀਂ ਮੰਡੀ,
ਸਰਸਾ (ਹਰਿਆਣਾ)

ਦਰਸ਼ਨ ਅਭਿਲਾਖੀ—
ਅਖੰਡ ਕੀਰਤਨੀ ਜੱਥਾ,
ਸਰਸਾ



www.AKJ.Org

# ਦੀਵਾ ਬਲੇ ਅੰਧੇਰਾ ਜਾਇ

(ਵਲੋਂ—ਗਿਆਨੀ ਜਸਮੇਰ ਸਿੰਘ ਜੀ 'ਪਾਲ' ਚੰਡੀਗੜ੍ਹ)

ਇਵੇਂ ਹੀ ਮੁਸਲਮਾਨ ਲੇਖਕ ਹਾਫਜ਼ ਆਦਮ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਬਾਰੇ ਲਿਖਦਾ ਹੈ ਕਿ ਗੁਰੂ ਜੀ ਦੇ ਚੇਲਿਆਂ ਨੇ ਜੋ ਜਥੇਬੰਦ ਹੋ ਚੁਕੇ ਸਨ। ਸਿਧਿਆਂ ਲੁਟ ਮਾਰ ਦਾ ਢੰਗ ਫੜ ਰਖਿਆ ਸੀ ਤੇ ਪੰਜਾਬ ਨੂੰ ਛਾਪੇ ਮਾਰ ਕੇ ਉਜਾੜ ਦਿਤਾ ਸੀ। ਮੁਸਲਮਾਨ ਫਕੀਰ ਹਾਫਜ਼ ਆਦਮ ਗੁਰੂ ਜੀ ਨਾਲ ਲੁਟ ਮਾਰ ਵਿਚ ਸ਼ਾਮਲ ਸੀ। ਕਨਿਘੰਮ ਨੇ ਵੀ ਗੁਲਾਮ ਹੁਸੈਨ ਪੁਸਤਕ 'ਸੈਲ ਉਲ ਮੁਤਾਖਰੀਨ' ਦੇ ਅਨੁਸਾਰ ਲਿਖਿਆ ਹੈ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਧਾਰਮਕ ਕਾਰਨਾਂ ਕਰਕੇ ਨਹੀਂ ਹੋਈ। ਸਗੋਂ ਉਹਨਾਂ ਦੇ ਸ਼ਸਤਰਧਾਰੀ ਅਨਆਈ ਸਿਖਾਂ ਨੇ ਮੁਗਲ ਰਾਜ ਤੋਂ ਖਿਲਾਫ ਖੁਲੀ ਬਗਾਵਤ ਕਰ ਰਖੀ ਸੀ। ਜਿਸ ਕਰਕੇ ਗੁਰੂ ਤੇਗ ਬਹਾਦਰ ਜੀ ਸਿਆਸੀ ਆਗੂ ਸਮਝੇ ਗਏ। ਤੇ ਉਹਨਾਂ ਨੂੰ ਕੈਦ ਕੀਤਾ ਗਿਆ ਤੇ ਦਿਲੀ ਵਿਚ ਸ਼ਹੀਦ ਕੀਤਾ ਗਿਆ। ਪਰੰਤੂ ਇਹਨਾਂ ਲਿਖਾਰੀਆਂ ਦਾ ਇਹ ਲਿਖਣਾ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਚ ਸਿਆਸਤ ਕੰਮ ਕਰਦੀ ਸੀ। ਇਤਿਹਾਸ ਦੇ ਆਧਾਰ ਤੇ ਠੀਕ ਨਹੀਂ। ਅਸੀਂ ਗੁਰੂ ਤੇਗ ਬਹਾਦਰ ਜੀ ਦੇ ਪੁਤਰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਜੀਵਨ ਕਥਾ ਬਚਿਤ੍ਰ ਨਾਟਕ ਨੂੰ ਲੈਂਦੇ ਹਾਂ। ਬਚਿਤਰ ਨਾਟਕ ਸਿਖ ਇਤਿਹਾਸ ਦਾ ਸੰਖੇਪ ਵਰਨਣ ਹੈ। ਬਚਿਤਰ ਨਾਟਕ ਵਿਚ ਗੁਰੂ ਜੀ ਨੇ ਪਹਿਲੇ ਨੌਂ ਗੁਰੂਆਂ ਦਾ ਤੇ ਮਗਰੋਂ ਆਪਣਾ ਹਾਲ ਜਨਮ ਅਸਥਾਨ ਭਵ ਪ੍ਰਕਾਸ਼ ਇਸ ਸੰਸਾਰ ਵਿਚ ਆਉਣ ਦਾ ਮਨੋਰਥ 'ਧਰਮ ਹੇਤ ਗੁਰਦੇਵ ਪਠਾਏ' ਦਸਿਆ ਹੈ। ਭੰਗਾਣੀ ਨਦੌਨ, ਗੁਲੇਰ ਦੇ ਯੁਧ ਹਾਲ ਵੀ ਵਰਨਣ ਕਰਦੇ ਹਨ। ਰਾਜਾ ਭੀਮ ਚੰਦ ਕਹਿਲੂਰੀਆ, ਫਤਹ ਸ਼ਾਹ ਜਸਵਾਲੀਆ, ਕਟੋਚ ਦੇ ਰਾਜੇ, ਕਾਂਗੜੇ ਦੇ ਰਾਜੇ, ਸੰਸਾਰ ਚੰਦ, ਹੁਸੈਨ ਖਾਂ ਆਦਿ ਉਗੇ ਪਹਾੜੀਏ ਰਾਜੇ ਤੇ ਮੁਸਲਮਾਨਾ ਜਰਨੈਲਾਂ ਦਾ ਵਰਨਣ ਹਜ਼ੂਰ ਕਰਦੇ ਹਨ—

ਫਤਹ ਸ਼ਾਹ ਰਾਜੇ ਬਾਰੇ ਲਿਖਦੇ ਹਨ। ਕਿ ਉਹ ਬਿਨਾ ਕਿਸੇ ਕਾਰਨ ਸਾਡੇ ਨਾਲ ਲੜਿਆ। ਆਪਣੀ ਤਪੱਸਿਆ ਬਾਰੇ ਜੋ ਹਜ਼ੂਰ ਨੇ ਹੇਮਕੁੰਟ ਪਰਬਤ ਤੇ ਕੀਤੀ, ਲਿਖਦੇ ਹਨ—

ਹੇਮਕੁੰਟ ਪਰਬਤ ਹੈ ਜਹਾਂ।
ਸਪਤ ਸ੍ਰਿੰਗ ਸੋਭਿਤ ਹੈ ਤਹਾਂ।
... ... ...
ਤਹ ਹਮ ਅਧਿਕ ਤਪੱਸਿਆ ਸਾਧੀ।
ਮਹਾ ਕਾਲ ਕਾਲਿਕਾ ਅਰਾਧੀ।
ਇਹ ਬਿਧਿ ਕਰਤ ਤਪੱਸਿਆ ਭਯੋ।
ਦ੍ਵੈ ਤੇ ਏਕ ਰੂਪ ਹ੍ਵੈ ਗਯੋ।
... ... ...
ਤਿਨ ਜੋ ਕਰੀ ਅਲਖ ਕੀ ਸੇਵਾ।
ਤਾ ਤੇ ਭਏ ਪ੍ਰਸੰਨ ਗੁਰਦੇਵਾ।
... ... ...
ਚਿਤ ਨ ਭਯੋ ਹਮਰੋ ਆਵਨ ਕਹ।
ਚੁਭੀ ਰਹੀ ਸੁਰਤ ਪ੍ਰਭੁ ਚਰਨਨ ਮਹ।



www.AKJ.Org

ਸਾਹਿਬ ਦਸਦੇ ਹਨ ਜਦੋਂ ਮੈਂ ਸਿਖ ਧਰਮ ਦੀ ਵਾਗ ਡੋਰ ਸੰਭਾਲੀ ਓਦੋਂ ਮੇਰੇ ਪਿਤਾ ਜੀ ਸ਼ਹਾਦਤ ਪਾ ਚੁਕੇ ਸਨ :—

ਜਬ ਹਮ ਧਰਮ ਕਰਮ ਮੋ ਆਏ ।
ਦੇਵ ਲੋਕ ਤਬ ਪਿਤਾ ਸਿਧਾਏ ।

ਪੰਜਾਬ ਦਾ ਨਾਮ ਗੁਰੂ ਜੀ ਨੇ ਬਚਿਤਰ ਨਾਟਕ ਵਿਚ ਮਦਰ ਦੇਸ਼ ਲਿਖਿਆ ਹੈ ।

ਮਦਰ ਦੇਸ ਹਮ ਕੋ ਲੇ ਆਏ ।
ਭਾਂਤ ਭਾਂਤ ਦਾਈਅਨ ਦੁਲਰਾਏ ।
ਕੀਨੀ ਅਨਕ ਭਾਂਤ ਕੀ ਰੱਛਾ ।
ਕੀਨੀ ਭਾਂਤ ਭਾਂਤ ਕੀ ਸਿਛਾ ।

ਸੋ ਅਸੀਂ ਗੁਰੂ ਸਾਹਿਬ ਜੀ ਦੀ ਜੀਵਨ ਕਥਾ ਬਚਿਤਰ ਨਾਟਕ ਨੂੰ ਇਤਿਹਾਸਕ ਦ੍ਰਿਸ਼ਟੀ ਤੋਂ ਪ੍ਰਮਾਣਿਕ ਮੰਨ ਸਕਦੇ ਹਾਂ । ਗੁਰੂ ਜੀ ਆਪਣੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹਾਦਤ ਬਾਰੇ ਆਪ ਗਵਾਹੀ ਦੇਂਦੇ ਹਨ, ਕਿ ਮੇਰੇ ਪਿਤਾ ਜੀ ਦੀ ਸ਼ਹਾਦਤ ਹਿੰਦੂ ਧਰਮ ਲਈ ਹੋਈ, ਸ਼ਹਾਦਤ ਦਾ ਕਾਰਨ ਧਰਮ ਸੀ, ਗੁਰੂ ਤੇਗ ਬਹਾਦਰ ਜੀ ਨੇ ਸੀਸ ਤਾਂ ਦੇ ਦਿਤਾ ਪ੍ਰੰਤੂ ਆਪਣੀ ਬਖ਼ਸ਼ਿਸ਼ ਦਾ ਭੇਦ ਨਾ ਦਿਤਾ ।

ਤਿਲਕ ਜੰਞੂ ਰਾਖਾ ਪ੍ਰਭ ਤਾਕਾ ।
ਕੀਨੋ ਬਡੋ ਕਲੂ ਮਹਿ ਸਾਕਾ ।
... ... ...
ਧਰਮ ਹੇਤ ਸਾਕਾ ਜਿਨਿ ਕੀਆ ।
ਸੀਸੁ ਦੀਆ ਪਰ ਸਿਰਰੁ ਨ ਦੀਆ ।
ਨਾਟਕ ਚੇਟਕ ਕੀਏ ਕੁਕਾਜਾ ।
ਪ੍ਰਭ ਲੋਗਨ ਕਹ ਆਵਤ ਲਾਜਾ ।

ਸ਼ਬਦ—ਧਰਮ ਹੇਤ ਸਾਕਾ.........ਦਸਦੇ ਹਨ ਕਿ ਇਹ ਸ਼ਹਾਦਤ ਗੁਰੂ ਜੀ ਨੇ ਧਰਮ ਲਈ ਦਿਤੀ ।

ਡਾਕਟਰ ਗੋਕਲ ਚੰਦ ਲਿਖਦੇ ਹਨ 'ਗੁਰੂ ਤੇਗ ਬਹਾਦਰ ਦੀ ਸ਼ਹਾਦਤ ਨੂੰ ਹਿੰਦੂਆਂ ਨੇ ਆਪਣੇ ਧਰਮ ਲਈ ਹੋਈ ਸ਼ਹਾਦਤ ਸਮਝਿਆ, ਤੇ ਇਸ ਤਰ੍ਹਾਂ ਹਿੰਦੂਆਂ ਵਿਚ ਨਫ਼ਰਤ ਤੇ ਬਦਲੇ ਦੀ ਅੱਗ ਭੜਕ ਉਠੀ । ਹਿੰਦੂਆਂ ਨੇ ਪ੍ਰਣ ਕਰ ਲਿਆ ਕਿ ਉਹ ਮੁਗ਼ਲ ਰਾਜ ਨੂੰ ਜੜ੍ਹਾਂ ਤੋਂ ਪੁਟ ਕੇ ਹੀ ਸਾਹ ਲੈਣਗੇ ।

ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹਾਦਤ ਮੁਗ਼ਲ ਰਾਜ ਦੀ ਤਬਾਹੀ ਦਾ ਕਾਰਨ ਬਣੀ । ਗੁਰੂ ਜੀ ਨੂੰ ਔਰੰਗਜ਼ੇਬ ਨੇ ਆਖਿਆ ਕਿ ਕਰਾਮਾਤ ਵਿਖਾਓ । ਗੁਰੂ ਜੀ ਨੇ ਕਿਹਾ ਰੱਬ ਦੇ ਬੰਦੇ ਕਰਾਮਾਤ ਨਹੀਂ ਵਿਖਾਉਂਦੇ ਰਬ ਨੂੰ ਜਿਵੇਂ ਭਾਵੇ ਓਹ ਕਰਦਾ ਹੈ ਰਬ ਚਾਹੇ ਤਾਂ ਧਰਤ ਅਸਮਾਨ ਪਲਟ ਦੇਵੇ ਪਰੰਤੂ ਮੈਂ ਇਹ ਕੁਝ ਨਹੀਂ ਕਰਨਾ ਚਾਹੁੰਦਾ । ਮੇਰੀ ਕਰਾਮਾਤ ਇਉਂ ਹੈ ਕਿ ਸਿਰ ਆਈ ਖਿੜੇ ਮਥੇ ਝਲਾਂਗਾ ਪਰੰਤੂ ਮੇਰੇ ਧਰਮ ਨੂੰ ਕੋਈ ਤਬਦੀਲ ਨਹੀਂ ਕਰ ਸਕੇਗਾ ।

ਸੋ ਬਚਿਤਰ ਨਾਟਕ ਦੇ ਆਧਾਰ ਤੇ ਅਤੇ ਇਸ ਦੀ ਪੱਕੀ ਗਵਾਹੀ ਅਨੁਸਾਰ ਅਸੀਂ ਇਹ ਕਦੇ ਵੀ ਮੰਨਣ ਲਈ ਤਿਆਰ ਨਹੀਂ ਕਿ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਰਾਜਸੀ ਕਾਰਨਾਂ ਕਰਕੇ ਹੋਈ । ਗੁਰੂ ਜੀ ਦੀ ਸ਼ਹਾਦਤ ਧਰਮ ਲੇਖੇ ਹੋਈ ।

'ਦਬਸਤਾਨੇ ਮਜ਼ਾਹਿਬ' ਪੁਸਤਕ ਮੁਹਸਨ ਫਾਨੀ ਲਿਖਦਾ ਹੈ । ਕਿ ਗੁਰੂ ਅਰਜਨ ਦੇਵ ਜੀ ਨੇ ਜਹਾਂਗੀਰ ਦੇ ਪੁਤਰ ਬਾਗੀ ਖੁਸਰੋ ਦੇ ਮਥੇ ਤੇ ਕੇਸਰ ਦਾ ਤਿਲਕ ਲਾਇਆ ਤੇ ਉਸ ਦੇ ਹੱਕ ਵਿਚ ਪ੍ਰਾਰਥਨਾ ਕੀਤੀ ਕਿ ਭਾਰਤ ਦਾ ਤਖਤ ਇਸ ਨੂੰ ਮਿਲੇ । ਪਰੰਤੂ ਲੇਖਕ ਇਹੋ ਦਸਦਾ ਹੈ ਕਿ ਇਹ ਤਿਲਕ ਜ਼ਰੂਰ ਲਾਇਆ ਗਿਆ ਪਰੰਤੂ ਇਹ ਨਹੀਂ ਦਸਦਾ ਕਿ ਕਿਸ ਲਈ ਲਾਇਆ ਗਿਆ । ਅਸੀਂ ਇਹ ਕਿਵੇਂ ਮੰਨ ਸਕਦੇ ਹਾਂ ਕਿ ਪ੍ਰਾਰਥਨਾ ਕਾਹਦੇ ਲਈ ਕੀਤੀ ਗਈ । ਸਿਰਫ ਮੁਹਸਨ ਫਾਨੀ ਨੇ ਇਹੋ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਜੀ ਨੇ ਖੁਸਰੋ ਲਈ ਪ੍ਰਾਰਥਨਾ ਕੀਤੀ । ਕੁਝ ਇਤਿਹਾਸਕਾਰ ਆਖਦੇ ਹਨ ਕਿ ਖੁਸਰੋ ਦੀ ਰਖਿਆ ਲਈ ਅਰਦਾਸ ਕੀਤੀ, ਮਗਰ ਮਕਾਲਫ ਇਸਨੂੰ ਨਹੀਂ ਮੰਨਦਾ । ਖੁਸਰੋ ਦੀ ਬਗਾਵਤ ਵਿਚ ਗੁਰੂ ਅਰਜਨ ਦੇਵ ਜੀ ਦਾ ਕੋਈ ਦਖਲ ਨਹੀਂ ਸੀ । ਐਵੇਂ ਵਧਾ ਚੜ੍ਹਾ ਕੇ



www.AKJ.Org

ਇਤਿਹਾਸਕਾਰਾਂ ਲਿਖ ਮਾਰਿਆ ਹੈ ।

'ਸੈਲ ਉਲ ਮੁਤਾਖਰੀਨ' ਦਾ ਲੇਖਕ ਗੁਲਾਮ ਹੁਸੈਨ ਬੰਦਾ ਸਿੰਘ ਬਹਾਦਰ ਦੀ ਸ਼ਹਾਦਤ ਇਸ ਤਰਾਂ ਲਿਖਦਾ ਹੈ:–

ਬੰਦੇ ਬਹਾਦਰ ਦੇ ਚਾਰ ਸਾਲ ਦੇ ਬੱਚੇ ਅਜੈ ਸਿੰਘ ਦੇ ਬੰਦੇ ਦੀ ਕੁਛੜ ਵਿਚ ਸਿਟ ਕੇ ਆਖਿਆ ਗਿਆ ਕਿ ਪਿਤਾ ਪੁਤਰ ਦਾ ਗਲ ਘੋਟ ਦੇਵੇ । ਬੰਦੇ ਨੇ ਅਜੇਹੀ ਕਾਇਰਤਾ ਤੋਂ ਨਾਂਹ ਕਰ ਦਿਤੀ। ਜਲਾਦਾਂ ਨੇ ਉਸਦੇ ਪਿਆਰੇ ਪੁਤਰ ਦੇ ਉਸਦੇ ਸਾਮਹਣੇ ਟੋਟੇ ਕਰ ਦਿਤੇ ਬੰਦੇ ਦਾ ਨੁਕੀਲੇ ਤੇ ਗ਼ਰਮ ਜਮੂਰਾਂ ਨਾਲ ਮਾਸ ਉਧੇੜਿਆ ਗਿਆ ਪਰ ਉਸ ਨੇ ਮਰਦੇ ਸਮੇਂ ਤੀਕ ਹਾਇ ਨਾ ਕਹੀ। ਰਹਿੰਦੇ ਹੋਏ ਬਾਕੀ ਸਿਖ ਬਾਅਦ ਵਿਚ ਕਤਲ ਕੀਤੇ ਗਏ ।'

ਅਹਿਮਦ ਸ਼ਾਹ ਬੁਤਾਲੀਆ ਆਪਣੀ ਪੁਸਤਕ 'ਜ਼ਿਕਰ–ਇ–ਗੁਰੂਆਂ ਵਾ ਇਬਤਦਾ–ਇ–ਸਿੰਘਾਂ ਵਾ ਮਜ਼ਬ–ਇ–ਏਸ਼ਾਂ' ਵਿਚ ਗੁਰੂ ਗੋਬਿੰਦ ਸਿੰਘ ਜੀ ਤੇ ਬੰਦੇ ਬਹਾਦੁਰ ਦੀ ਵਾਰਤਾਲਾਪ ਲਿਖਦਾ ਹੈ। ਅੰਤ ਮਾਧੋ ਦਾਸ ਬੈਰਾਗੀ ਗੁਰੂ ਜੀ ਦਾ ਗੁਲਾਮ–ਸਿਖ (ਸੇਵਕ) ਬਣਦਾ ਹੈ।

ਮੁਖਤਿੰਖਬੁਲ ਲਬਾਬ ਪੁਸਤਕ ਦਾ ਲਿਖਾਰੀ ਕਾਫੀ ਖਾਂ ਸਿਖਾਂ ਦੇ ਦਿਲੀ ਦੇ ਜਲੂਸ ਦਾ ਜ਼ਿਕਰ ਕਰਦਾ ਹੈ ਕਿ ਬੰਦਾ ਬਹਾਦਰ ਨਾਲ ਕੈਦ ਕੀਤੇ ਲਗ ਭਗ ਅੱਠ ਸੋ ਸਿਖ ਕਿਵੇਂ ਮੌਤ ਨੂੰ ਮਖੌਲਾਂ ਕਰਦੇ ਹੋਏ ਦਿਲੀ ਦੇ ਬਜ਼ਾਰ ਵਿਚੋਂ ਲੰਘ ਰਹੇ ਸਨ। ਕਈ ਉਹਨਾਂ ਵਿਚ ਸ਼ਬਦ ਪੜ੍ਹਦੇ ਸਨ ਜੇਕਰ ਉਹਨਾਂ ਕੈਦੀ ਸਿਖਾਂ ਨੂੰ ਕੋਈ ਪੁਛਦਾ ਕਿ ਤੁਸੀਂ ਹੁਣ ਕਤਲ ਕੀਤੇ ਜਾਓਗੇ ਤੇ ਮੌਤ ਦੇ ਮੂੰਹ ਪਉਗੇ ਤਾਂ ਉਹ ਜੋਸ਼ ਨਾਲ ਉਤਰ ਦੇਂਦੇ ਜੇ ਮੌਤੋਂ ਡਰਦੇ ਤਾਂ ਇੰਨੇ ਜੰਗ ਹੀ ਕਿਉਂ ਕਰਦੇ । ਤਲਵਾਰ ਸਾਡੇ ਲਈ ਮੁਕਤੀ ਦਾਤਾ ਹੈ। ਕਾਫੀ ਖਾਂ ਬਾਦਸ਼ਾਹ ਫ਼ਰਖਸੀਅਰ ਦੀ ਕਚੈਹਰੀ ਵਿਚ ਇਕ ਦਿਨ ਦਾ ਅੱਖੀਂ ਡਿੱਠਾ ਹਾਲ ਬਿਆਨ ਕਰਦਾ ਹੋਇਆ ਇਕ ਸਿਖ ਬੱਚੇ ਦਾ ਧਰਮ ਲਈ ਆਪਣੀ ਮਾਂ ਨਾਲ ਝਗੜਾ ਹੁੰਦਾ ਵਿਖਾਉਂਦਾ ਹੈ। ਮਾਂ ਪੁਤਰ ਦੀ ਜਾਨ ਬਚਾਉਣ ਲਈ ਭਰੀ ਕਚਹਿਰੀ ਵਿਚ ਸਮੇਂ ਦੇ ਬਾਦਸ਼ਾਹ ਅਗੇ ਝੂਠ ਬੋਲ ਕੇ ਆਖਦੀ ਹੈ ਮੇਰਾ ਪੁਤਰ ਹਿੰਦੂ ਹੈ। ਅਸੀਂ ਹਿੰਦੂ ਤੇਰੀ ਪਰਜਾ ਹਾਂ। ਮੇਰਾ ਬੱਚਾ ਸਿੱਖਾਂ ਨਾਲ ਐਵੇਂ ਪਕੜਿਆ ਗਿਆ ਹੈ ਇਸ ਦੀ ਜਾਨ ਬਖ਼ਸ਼ੀ ਜਾਵੇ। ਪਰੰਤੂ ਬੱਚਾ ਸਿੱਖੀ ਨਾਲ ਏਨਾ ਗੂੜ੍ਹਾ ਪਿਆਰ ਰਖਦਾ ਹੈ ਕਿ ਉਹ ਆਪਣੀ ਮਾਂ ਨੂੰ ਵੀ 'ਮਨਮ ਸਿਖਮ ਦਰੋ ਗੋਇਦ ਮਾਦਰਮ' ਕਹਿਣ ਤੋਂ ਨਹੀਂ ਝਿਜਕਦਾ। ਭਾਵ–ਮੈਂ ਸਿੱਖ ਹਾਂ, ਮੇਰੀ ਮਾਂ ਝੂਠ ਬੋਲਦੀ ਹੈ। ਅੰਤ ਸਿੱਖ ਬੱਚਾ ਤਲਵਾਰ ਦੇ ਘਾਟ ਉਤਰਦਾ ਹੈ। ਕਾਫ਼ੀ ਖਾਂ ਦਿੱਲੀ ਸ਼ਹਿਰ ਵਿਚੋਂ ਲੰਘ ਰਹੇ ਕੈਦੀ ਸਿਖਾਂ ਦੇ ਜਲੂਸ ਨੂੰ ਬਿਆਨ ਕਰਦਾ ਹੋਇਆ ਲਿਖਦਾ ਹੈ ਕਿ ਉਹ ਹਾਰੇ ਹੋਏ ਪ੍ਰਤੀਤ ਨਹੀਂ ਸਨ ਹੁੰਦੇ, ਕਿਸੇ ਦੇ ਚਿਹਰੇ ਤੇ ਗਮੀ ਦਾ ਚਿੰਨ੍ਹ ਨਹੀਂ ਸੀ। ਉਹ ਹਸਦੇ ਹਸਦੇ ਬਜ਼ਾਰ 'ਚੋਂ ਲੰਘ ਰਹੇ ਸਨ । ਕਈ ਆਖਦੇ ਸਨ ਸਾਨੂੰ ਹੁਣੇ ਕਤਲ ਕਰ ਦਿਉ ਅਸੀਂ ਕਤਲ ਹੋਣ ਤੋਂ ਨਹੀਂ ਡਰਦੇ। ਕਾਫੀ ਖਾਂ ਵਾਂਗ ਹੀ ਇਬਰਤਨਾਮਾ ਪੁਸਤਕ ਦੇ ਲੇਖਕ ਨੇ ਦਿਲੀ ਦੇ ਜਲੂਸ ਦਾ ਵਾਹਵਾ ਵਰਨਣ ਕੀਤਾ ਹੈ।

ਇਥੇ ਇਹ ਦਸ ਦੇਣਾ ਵੀ ਯੋਗ ਹੈ ਕਿ ਬੰਦਾ ਸਿੰਘ ਬਹਾਦਰ ਚੰਗੇਜ਼ ਖਾਂ ਜਾਂ ਤੈਮੂਰ ਵਾਂਗ ਖ਼ੂਨਖਾਰ ਦਰਿੰਦਾ ਨਹੀਂ ਸੀ ਸਗੋਂ ਇਕ ਸੁਲਝਿਆ ਹੋਇਆ, ਉਚ ਇਰਾਦਿਆਂ ਵਾਲਾ, ਸਫ਼ਲ ਜਰਨੈਲ ਸੀ। ਬੰਦੇ ਨੇ ਜੋ ਲੁਟ ਮਾਰਾਂ ਕੀਤੀਆਂ ਸਨ ਉਹ ਜ਼ੁਲਮ ਦੇ ਕੇਂਦਰਾਂ ਤੇ ਹੀ ਕੀਤੀਆਂ ਸਨ ਜਿਵੇਂ ਸਰਹਿੰਦ, ਸਢੌਰੇ ਜਾਂ ਸਮਾਣੇ ਉਤੇ। ਕਿਉਂ ਜੁ ਜ਼ੁਲਮਾਂ ਦੇ ਗੜ੍ਹਾਂ ਨੂੰ ਪੁਟਣਾ ਉਹ ਆਪਣਾ ਧਰਮ ਸਮਝਦਾ ਸੀ। ਬੰਦੇ ਨੇ ਜੋ ਮੁਸਲਮਾਨਾਂ ਤੇ ਸਖ਼ਤੀਆਂ ਕੀਤੀਆਂ ਸਨ ਉਸ ਸਮੇਂ ਅਨੁਸਾਰ ਬਿਲਕੁਲ ਠੀਕ ਸਨ । ਜ਼ੁਲਮੀ ਅਤਿਆਚਾਰਾਂ ਨੂੰ ਬੰਦ ਕਰਨ ਲਈ ਬੰਦੇ ਨੇ ਪੰਜਾਬ ਵਿਚ ਲੁਟਾਂ ਮਾਰਾਂ ਕੀਤੀਆਂ ਸਨ। ਮੁਹੰਮਦ ਲਤੀਫ਼ ਲਿਖਦਾ ਹੈ ਕਿ ਸਰਹਿੰਦ ਵਿਚ ਬੰਦੇ ਨੇ ਕਬਰਾਂ ਨੂੰ ਪੁਟਿਆ ਤੇ ਮਸਜਦਾਂ ਨੂੰ ਢਾਹਿਆ। ਲੇਖਕ



www.AKJ.Org

# ਵਿਦਵਤਾ ਦੇ ਭੰਡਾਰ-ਦਸਮੇਸ਼ ਪਿਤਾ

(ਵਲੋਂ—ਭਾਈ ਕਰਮ ਸਿੰਘ ਜੀ 'ਭੰਡਾਰੀ' ਬਰਨਾਲਾ)

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜੀਵਨ ਇਕ ਅਦਭੁਤ ਜੀਵਨ ਹੈ । ਇਹਨਾਂ ਦੇ ਜੀਵਨ ਨੂੰ ਪੜਚੋਲਣ ਲਗਿਆਂ ਅਸੀਂ ਕਿਸੇ ਪੱਖ ਤੇ ਭੀ ਝਾਤ ਪਾਈਏ, ਉਧਰ ਹੀ ਫ਼ਤਹਿ ਦੇ ਨਗਾਰੇ ਵਜਦੇ ਦਿਖਾਈ ਦਿੰਦੇ ਹਨ। ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਹੀ 'ਧਰਮ, ਅਰਥ, ਕਾਮ ਤੇ ਮੋਖ' ਦੇ ਸਹੀ ਅਰਥਾਂ ਨੂੰ ਉਲੀਕ ਕੇ ਸੰਸਾਰ ਸਾਹਮਣੇ ਰੂਪਮਾਨ ਕਰਨਾ ਤੇ ਇਹਨਾਂ ਵਿਚ ਪੈ ਚੁਕੀਆਂ ਗ਼ਲਤ ਲੀਹਾਂ ਨੂੰ ਦੂਰ ਕਰ ਕੇ ਮਨੁਖਤਾ ਦੀ ਕਲਿਆਣ ਹਿੱਤ ਸਹੀ ਰਸਤਾ ਦਸਨਾ ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਆਪਣੇ ਉਦੇਸ਼ ਨੂੰ ਪੂਰਾ ਕਰਨ ਲਈ ਤੇਗ ਅਤੇ ਕਲਮ ਨੂੰ ਇਕੋ ਨਜ਼ਰ ਨਾਲ ਵਾਹੁਣਾ ਕੀਤਾ। ਜਿਥੇ ਆਪ ਜੀ ਨੇ ਜਾਬਰ, ਜ਼ੁਲਮ ਤੇ ਅਤਿਆਚਾਰ ਵਿਰੁਧ ਤਲਵਾਰ ਚਲਾਈ ਉਥੇ ਨਾਲ ਹੀ ਦੇਸ਼ ਵਾਸੀਆਂ ਵਿਚੋਂ ਛੂਤਛਾਤ, ਵਹਿਮ, ਪਾਖੰਡ ਤੇ ਅੰਧਵਿਸ਼ਵਾਸ਼ਤਾ ਦਾ ਸਫ਼ਾਇਆ ਆਪਣੀ ਵਿਦਵਤਾ ਭਰੀ ਕਲਮ ਦੁਆਰਾ ਕੀਤਾ।

ਆਪ ਜੀ ਨੇ ਭਾਰਤ ਤੇ ਰਾਜਸੀ, ਸਭਿਆਚਾਰਕ ਧਾਰਮਿਕ, ਆਰਥਕ, ਸਦਾਚਾਰਕ, ਮਨੋਵਿਗਿਆਨਕ ਮਾਨਸਿਕ ਤੇ ਸਾਹਿਤਕ ਪੱਖ ਦੀ ਪੂਰੀ ਪੂਰੀ ਜਾਣਕਾਰੀ ਪ੍ਰਾਪਤ ਕਰਕੇ, ਇਹਨਾਂ ਦੀ ਨਰੋਈ ਜੜ੍ਹ ਨਾ ਦੇਖ ਕੇ (ਡਾਵਾਂ ਡੋਲ ਹੋਇਆ ਦੇਖ ਕੇ) ਐਸਾ

---

(ਸਫ਼ਾ ੩੦ ਦੀ ਬਾਕੀ)

ਫਿਰਕਾਪ੍ਰਸਤੀ ਦੇ ਵਿਚਾਰਾਂ ਤੋਂ ਪ੍ਰਭਾਵਤ ਹੋ ਕੇ ਲਿਖਦਾ ਹੈ, ਪਰੰਤੂ ਕਰਮ ਸਿੰਘ ਹਿਸਟੋਰੀਅਨ ਨੇ ਆਪਣੀ ਪੁਸਤਕ 'ਬੰਦਾ ਬਹਾਦਰ' ਵਿਚ ਇਹ ਸਾਬਤ ਕੀਤਾ ਹੈ ਕਿ ਬੰਦੇ ਨੇ ਕਿਸੇ ਵੀ ਧਰਮ ਅਸਥਾਨ ਨੂੰ ਨਹੀਂ ਸੀ ਡੇਗਿਆ ਤੇ ਨਾ ਹੀ ਸਰਹਿੰਦ ਵਿਚ ਕਬਰਾਂ ਵਿਚੋਂ ਮੁਰਦੇ ਪੁਟ ਕੇ ਕਢੇ ਸਨ। ਬੰਦੇ ਦਾ ਤਾਂ ਜ਼ੁਲਮ ਨਾਲ ਵੈਰ ਸੀ ਨਾ ਕਿ ਇਸਲਾਮ ਨਾਲ। ਮੁਹੰਮਦ ਲਤੀਫ ਜੀ ਦਾ ਲਿਖਣਾ ਠੀਕ ਨਹੀਂ। ਮੁਹੰਮਦ ਲਤੀਫ ਜੀ ਪੰਜਾਬ ਦਾ ਇਤਿਹਾਸ ਪੁਸਤਕ ਵਿਚ ਲਿਖਦੇ ਹਨ ਕਿ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੇ ਕਤਲ ਦਾ ਜ਼ਿਮੇਂਵਾਰ ਵਜ਼ੀਦ ਖਾਂ ਸੂਬਾ ਸਰਹਿੰਦ ਨਹੀਂ ਸਗੋਂ ਉਹਨਾਂ ਦੇ ਕਤਲ ਦਾ ਜਿਮੇਂਵਾਰ ਤਾਂ ਗੰਗੂ ਬ੍ਰਹਾਮਣ ਤੇ ਸੁਚਾ ਨੰਦ ਸਨ। ਵਜੀਦ ਖਾਂ ਦੋਸ਼ੀ ਨਹੀਂ ਸੀ। ਪਰੰਤੂ ਪ੍ਰੋਫੈਸਰ ਕਰਤਾਰ ਸਿੰਘ ਜੀ ਨੇ 'ਜੀਵਨ ਕਥਾ ਗੁਰੂ ਗੋਬਿੰਦ ਸਿੰਘ' ਵਿਚ ਨਿਰਣਾ ਕਰਦਿਆਂ ਵਜੀਦ ਖਾਂ ਨੂੰ ਉਨਾਂ ਹੀ ਦੋਸ਼ੀ ਠਹਿਰਾਇਆ ਹੈ ਜਿਨਾਂ ਕਿ ਗੰਗੂ ਤੇ ਸੁਚਾਨੰਦ ਨੂੰ। ਕਿਉਂ ਜੋ ਵਜੀਦ ਖਾਂ ਦੇ ਦਰਬਾਰ ਵਿਚ ਉਸ ਦੇ ਹੁਕਮ ਨਾਲ ਛੋਟੇ ਸਾਹਿਬਜਾਦਿਆਂ ਦਾ ਕਤਲ ਹੋਇਆ ਸੀ ਫਿਰ ਕਿਵੇਂ ਨਾ ਮੰਨੀਏ ਕਿ ਉਹ ਮਾਸੂਮ ਜਿੰਦਾਂ ਫਤਹ ਤੇ ਜੋਰਾਵਰ ਦੇ ਕਤਲ ਦਾ ਜ਼ਿਮੇਂਵਾਰ ਨਹੀਂ। ਪ੍ਰੋਫੈਸਰ ਕਰਤਾਰ ਸਿੰਘ ਜੀ ਨੇ ਮੁਹੰਮਦ ਲਤੀਫ ਦੇ ਵਿਚਾਰਾਂ ਨੂੰ ਜੋ ਉਸ ਨੇ ਵਜੀਦ ਖਾਂ ਨੂੰ ਬਿਦੋਸ਼ ਸਾਬਤ ਕਰਨ ਲਈ ਦਿਤੇ ਹਨ, ਗਲਤ ਦਸੇ ਹਨ। ਵਜ਼ੀਦ ਖਾਂ ਬਿਦੋਸ਼ ਨਹੀਂ ਸੀ ਕਤਲਾਂ ਦਾ ਜਿਮੇਂਵਾਰ ਸੀ।



www.AKJ.Org

ਨਰੋਆ ਕਦਮ ਚੁਕਿਆ, ਜਿਸ ਨੇ ਭਾਰਤ ਅੰਦਰ ਸੰਘਰਸ਼ ਦੀਆਂ ਭਾਵਨਾਵਾਂ ਜਗਾ ਕੇ ਇਕ ਪਰੀਵਰਤਨ ਲੈ ਆਂਦਾ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਮਹਾਨ ਕੰਮ ਉਸ ਰਾਜ ਵਿਚ ਰਹਿੰਦਿਆਂ ਕੀਤਾ, ਜਿਸ ਰਾਜ ਅੰਦਰ ਹਿੰਦੂਆਂ ਨੂੰ ਕਾਫ਼ਰ, ਨੀਚ ਸਮਝ ਕੇ ਦੁਰਕਾਰਿਆ ਤੇ ਤ੍ਰਿਸਕਾਰਿਆ ਜਾਂਦਾ ਸੀ, ਹਿੰਦੂਆਂ ਲਈ ਜਿਸ ਰਾਜ ਵਿਚ ਜੀਉਣ ਤੇ ਭੀ ਟੈਕਸ ਦੇਣਾ ਪੈਂਦਾ ਸ਼ੀ, ਉਸ ਰਾਜ ਦੇ ਤੁਅੱਸਬੀ ਤੇ ਜਰਵਾਣੇ ਰਾਜਿਆਂ ਦੀ ਆਪ ਜੀ ਨੇ ਈਨ ਮੰਨਣ ਦੀ ਬਜਾਏ ਭਾਰਤ ਵਾਸੀਆਂ ਨੂੰ ਜਿਊਣ ਦਾ ਅਸਲੀ 'ਜੀਵਨ-ਚੱਜ' ਦਸਿਆ ਅਤੇ ਆਪ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ' ਦੇ ਅਨੁਸਾਰ ਨਾ ਕਿਸੇ ਪਾਸੋਂ ਡਰ ਖਾਧਾ ਤੇ ਨਾ ਹੀ ਕਿਸੇ ਨੂੰ ਵਾਧੂ ਡਰ ਦਿਤਾ। ਆਪ ਜੀ ਦਾ ਜੀਵਨ ਮਨੋਰਥ ਆਪ ਬਚਿੱਤਰ ਨਾਟਕ ਵਿਚ ਲਿਖਦੇ ਹਨ ਕਿ ਧਰਮ ਚਲਾਵਨ, ਸੰਤ ਉਬਾਰਨ। ਦੁਸ਼ਟ ਸਭਨ ਕੋ ਮੂਲ ਉਪਾਰਨ। ਯਾ ਹੀ ਕਾਜ ਧਰਾ ਹਮ ਜਨਮੰ। ਸਮਝ ਲੇਹੁ ਸਾਧੂ ਸਭ ਮਨਮੰ। ਜਿਸ ਕਾਰਨ ਆਪ ਜੀ ਨੇ ਦੇਸ ਵਾਸੀਆਂ ਨੂੰ ਜ਼ਾਲਮਾਂ ਪਾਸੋਂ ਸਵਤੰਤਰ ਕਰਨ ਲਈ ਇਕ ਬਹੁਤ ਵਡੇ ਇਕੱਠ ਨੂੰ ਬੁਲਾ ਕੇ ਉਹਨਾਂ ਵਿਚੋਂ ਖਾਲਸਾ ਸੈਨਾ ਬਨਾਉਣ ਲਈ ਸੈਨਿਕ ਚੁਣੇ ਸਨ। ਆਪ ਜੀ ਨੇ ਸਮਾਜਿਕ ਸਮਾਨਤਾ ਇਸ਼ਵਰਵਾਦ, ਏਕਤਾ, ਨਿਰੰਕੁਸਤਾ, ਰਾਜਨੀਤਕ ਦੇ ਅਸਲ ਤਰੀਕੇ ਸੁਵਤੰਤਰਤਾ ਲਈ ਇਕ ਸੰਗਠਨ ਕੀਤਾ ਜਿਸਦਾ ਨਾਮ 'ਖਾਲਸਾ ਪੰਥ' ਰਖਿਆ।

ਆਪ ਜੀ ਨੇ ਦੇਸ਼ ਦੀ ਲਿਤਾੜੀ ਹੋਈ ਅਨਾਥ ਜੰਤਾ ਨੂੰ ਸਨਮਾਨ ਦਿਵਾਉਣ ਦੇ ਉਦੇਸ਼ ਨੂੰ ਮੁਖ ਰਖਕੇ ਆਮ ਲੋਕਾਂ ਦੀ ਜਿਤਨੀ ਕੁ ਅਗਵਾਈ ਕਰਨ ਲਈ ਵਾਗ ਡੋਰ ਸੰਭਾਲੀ, ਉਸ ਨੂੰ ਪੂਰਾ ਕਰ ਦਿਖਾਲਿਆ। ਆਪ ਨੇ ਕਦੀ ਭੀ ਮੁਸੀਬਤਾਂ ਅਤੇ ਦੁਖਾਂ ਦਾ ਸਾਹਮਣਾ ਕਰਦੇ ਹੋਇਆਂ ਹੌਸਲਾ ਤੇ ਸ੍ਵੈ ਭਰੋਸਾ ਨਹੀਂ ਸੀ ਹਾਰਿਆ। ਸਗੋਂ ਨਿਰਭੈਤਾ ਵਾਲਾ ਜੀਵਨ ਬਤੀਤ ਕੀਤਾ।

ਇਹ ਸਾਰਾ ਕੁਝ ਹੋਣ ਦੇ ਬਾਵਜੂਦ ਭੀ ਆਪ ਜੀ ਮਹਾਨ ਸਾਹਿਤਕਾਰ ਤੇ ਵਿੱਦਿਆ ਮਾਰਤੰਡ ਸਨ। ਆਪ ਪੰਜਾਬੀ, ਸੰਸਕ੍ਰਿਤ, ਫ਼ਾਰਸੀ, ਹਿੰਦੀ, ਬ੍ਰਿਜ ਭਾਸ਼ਾ ਤੇ ਲਹਿੰਦੀ ਬੋਲੀ ਦੇ ਉਚ ਪਾਏ ਦੇ ਵਿਦਵਾਨ ਸਨ। ਆਪ ਜੀ ਦੀ ਸਾਰੀ ਰਚਨਾ ਅੰਦਰ ਉਹ ਅਦੁਤੀ ਸ਼ਕਤੀ ਹੈ ਜਿਸ ਨੇ ਦੇਸਵਾਸੀਆਂ ਦੇ ਮੁਰਦਾ ਹੋ ਰਹੇ ਮਨਾਂ (ਸਰੀਰਾਂ) ਉਪਰ ਟੀਕੇ ਦਾ ਕੰਮ ਕੀਤਾ। ਇਸ ਮਹਾਨ ਰਚਨਾ ਦਾ ਸਦਕਾ ਹੀ ਦੇਸ ਵਾਸੀਆਂ ਨੂੰ ਆਪਣੇ ਆਪ ਦਾ, ਏਕਤਾ ਤੇ ਸਾਂਝੀ ਵਾਲਤਾ ਦਾ ਅਸਲੀ ਅਰਥਾਂ ਵਿਚ ਪਤਾ ਚਲਿਆ ਜਿਸ ਕਾਰਨ ਦੇਸ ਅੰਦਰ ਪੂਰਨ ਜਾਗ੍ਰਤੀ ਆਈ ਅਤੇ ਜੋ ਲੋਕ ਕਰਦ ਚੁਕਦੇ ਹੋਏ ਕੰਬਦੇ ਸਨ ਉਹ ਹੁਣ ਜ਼ੁਲਮ ਦਾ ਟਾਕਰਾ ਕਰਨ ਲਈ ਤਲਵਾਰਾਂ ਤੇ ਬੰਦੂਕਾਂ ਨਾਲ ਨਿਰਭੈਤਾ ਵਿਚ ਆਕੇ ਯੁਧ ਸਿਖਣ ਲੱਗ ਪਏ।

ਆਪ ਜੀ ਨੇ ਜਦੋਂ ਹਿੰਦੂ ਧਰਮ ਦੇ ਗ੍ਰੰਥਾ ਦੀ ਔਰੰਗਜ਼ੇਬ ਦੇ ਹੁਕਮ ਨਾਲ ਉਸਦੇ ਕਰਮਚਾਰੀਆਂ ਵਲੋਂ ਬੇਪਤੀ ਹੁੰਦੀ ਦੇਖੀ ਤੇ ਦੇਸਵਾਸੀਆਂ ਦੇ ਦਿਲਾਂ ਵਿਚੋਂ ਪੜ੍ਹਾਈ ਦਾ ਸ਼ੌਂਕ ਬੁੱਝਦਾ ਦੇਖਿਆ (ਕਿਉਂਕਿ ਹਿੰਦੂ ਮਤ ਅਨੁਸਾਰ ਪੜ੍ਹਾਈ ਦਾ ਹੱਕਦਾਰ ਕੇਵਲ ਪੰਡਤ ਹੀ ਹੁੰਦਾ ਸੀ, ਨੀਵੀਂ ਜਾਤੀ ਦਾ ਬੰਦਾ ਪੜ੍ਹ ਨਹੀਂ ਸਕਦਾ ਸੀ ਅਤੇ ਔਰੰਗਜ਼ੇਬ ਪੰਡਤਾਂ ਤੇ ਹੋਰ ਜਾਤੀਆਂ ਦਾ ਸਫਾਇਆ ਕਰਕੇ ਉਨ੍ਹਾਂ ਨੂੰ ਜ਼ੋਰਾ-ਜਬਰੀ ਮੁਸਲਮਾਨ ਬਣਾ ਰਿਹਾ ਸੀ) ਤਾਂ ਸੋਚਿਆ ਕਿ ਵਿਦਿਆ, ਜਿਸ ਨੂੰ ਮਨੁਖ ਦਾ ਤੀਜਾ ਨੇਤਰ ਕਿਹਾ ਜਾਂਦਾ ਹੈ, ਜੋ ਮਨੁਖ ਨੂੰ ਅੰਧੇਰੇ ਪੱਖ (ਅਗਿਆਨਤਾ) ਵਿਚ ਭੀ ਚਾਨਣ (ਗਿਆਨ) ਦਿਖਾ ਸਕਦੀ ਹੈ। ਇਹ ਅਸਲ ਵਿਚ ਵਿਦਿਆ ਹੀ ਹੈ ਜੋ ਜੀਵ ਦੀ ਵਿਛੜੀ ਰੂਹ ਦਾ ਪ੍ਰਮਾਤਮਾ ਨਾਲ ਮੇਲ ਕਰਵਾਉਣ ਵਿਚ ਸਹਾਇਕ ਹੁੰਦੀ ਹੈ। ਵਿਦਿਆ ਹੀ ਅੱਜ ਮਨੁਖ ਦੀ ਸਚੀ ਸਹਾਇਕ ਹੈ ਜਿਸ ਨਾਲ ਸੰਸਾਰ ਦਾ ਗਿਆਨ ਹੁੰਦਾ ਹੈ। ਆਮ ਗਿਆਤ ਹੈ ਕਿ ਸਭ ਪ੍ਰਉਪਕਾਰਾਂ ਤੇ ਸੇਵਾਵਾਂ ਵਿਚੋਂ ਵਿਦਿਆ ਦਾ ਦਾਨ ਸਭ ਤੋਂ ਉਤਮ ਹੈ। ਵਿਦਿਆ ਬਿਚਾਰੀ ਤਾਂ ਪ੍ਰਉਪਕਾਰੀ। ਦੇ ਮਹਾਂਵਾਕ ਅਨੁਸਾਰ ਵਿਦਿਆ



www.AKJ.Org

ਦੀ ਵਿਚਾਰ, ਜਾਨਕਾਰੀ ਦੂਸਰਿਆਂ ਨੂੰ ਦੇਣੀ ਉਪਕਾਰਾਂ ਸਿਰ ਉਪਕਾਰ ਹੈ। ਸ੍ਰੀ ਗੁਰੂ ਜੀ ਨੇ ਸਮਝਿਆ ਕਿ ਇਹ ਵਿਦਿਆ ਜਿਸ ਦੀ ਅੱਜ ਕਦਰ ਘਟਦੀ ਜਾ ਰਹੀ ਹੈ, ਇਹ ਤਾਂ ਉਹ ਵਿਦਿਆ ਹੈ ਜਿਸ ਵਿਚ ਉਹ ਸਿਖਿਆ ਤੇ ਚਾਨਣ ਲੁਕਿਆ ਪਿਆ ਹੈ ਜਿਸ ਨੂੰ ਪਾ ਕੇ ਅੱਜ ਦਾ ਮਨੁਖ ਦੁਨੀਆਂ ਤੇ ਗਿਆਨਵਾਨ, ਵਿਦਵਾਨ ਅਤੇ ਸਮਝਦਾਰ ਬਣਦੇ ਦੁਨੀਆਂ ਜੋ ਭੁਲੀ ਹੋਈ ਭਟਕਦੀ ਫਿਰਦੀ ਹੈ ਨੂੰ ਰਾਹੇ ਪਾਉਣ ਲਈ ਦੁਨੀਆਂ ਦਾ ਚਾਨਣ ਮੁਨਾਰਾ ਤੇ ਚਮਕਦਾ ਸਿਤਾਰਾ ਬਣ ਸਕਦਾ ਹੈ ਕਿਉਂਕਿ ਗੁਰਵਾਕ ਭੀ ਹੈ ਕਿ 'ਗੁਰਸਾਖੀ ਅੰਤਰਿ ਜਾਗੀ । ਤਾਂ ਚੰਚਲ ਮਤਿ ਤਿਆਗੀ । ਗੁਰ ਸਾਖੀ ਕਾ ਉਜਿਆਰਾ । ਤਾ ਮਿਟਿਆ ਸਗਲ ਅੰਧਿਆਰਾ।' (ਸੋ: ਮ: ੧) ਅਥਾਤ ਇਹ ਚੰਚਲ ਮਨ ਦਾ ਅਧਿਕਾਰ ਫਿਰ ਹੀ ਦੂਰ ਹੋ ਸਕਦਾ ਹੈ ਜਦੋਂ ਗਿਆਨ ਰੂਪੀ ਵਿਦਿਆ ਦਾ ਚਾਨਣਾ ਹੋ ਜਾਵੇ। ਇਹ ਵਿਦਿਆ ਦੀ ਹੀ ਸਿਖਿਆ ਹੈ ਕਿ 'ਮੰਦਾ ਕਿਸੈ ਨ ਆਖੀਐ ਪੜਿ ਅਖਰੁ ਏਹੋ ਬੁਝੀਐ। ਮੂਰਖੈ ਨਾਲਿ ਨ ਲੁਝੀਐ।' (ਮ: ੧ ਵਾਰ ਆਸਾ) ਅਤੇ ਗੁਰੂ ਜੀ ਹੋਰ ਉਚਾਰਨ ਕਰਦੇ ਹਨ ਕਿ 'ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ।' (ਕਬੀਰ) ਅਤੇ ਸਾਰਕੁਤਾਵਲੀ ਅੰਦਰ ਭੀ ਲਿਖਿਆ ਹੋਇਆ ਮਿਲਦਾ ਹੈ ਕਿ 'ਗੁਰੂ ਪੁਸਤਕ ਭੁਮਿ ਸੁਭਗ, ਪ੍ਰੀਤਮ ਅਵਰ ਸਹਾਇ। ਕਰਹਿ ਬੁਧਿ ਵਿਦਿਆ ਪਠੀ ਵਹੁਰ ਪਾਂਚ ਗੁਨ ਗਾਇ। ੭। ਸ਼ਾਸਤ੍ਰ ਪ੍ਰੀਤਿ, ਸੁਧ ਬੁਧਿ, ਭਗਿਤ, ਉਤਮ, ਰੋਗ ਨ ਦੇਹ। ਕਰਜਿ ਬੁਧਿ ਵਿਦਿਆਪਠੀ। ਪਾਂਚਾਤਰ ਗੁਣ ਏਹਿ। ੮। ਗੁਰ ਸੇਵਾ ਵਾ ਦਰਬ ਕਰ, ਬਿਦਿਆ ਵਿਦਿਆ ਹੋਇ। ਤਰਿਤਯ ਵਿਧਿ ਵਿਦਿਆ ਕਰਹਿ, ਚਉਥੇ ਹੇਤੁ ਨ ਕੋਇ। ੯। ਆਪ ਜੀ ਦੀ ਬਾਣੀ ਸਾਨੂੰ 'ਦਇਆ, ਦਾਨ, ਛਮਾ, ਸਨਾਨ। ਸੀਲ, ਸੁਚ, ਸਤ-ਸਭਾਖਨ। ਸਾਧਨ-ਸਿਧ, ਸੂਰ ਭਗਤਮਾਨੰ। ਦਸ ਗ੍ਰਾਹੀ ਆਸਤ ਪ੍ਰਮ ਨੰ।' ਇਨ੍ਹਾਂ ਦਸਾਂ ਗੁਣਾਂ ਨੂੰ ਗ੍ਰਹਿਣ ਕਰਨ ਲਈ ਅਤੇ 'ਕਾਮ, ਕ੍ਰੋਧ, ਹੰਕਾਰ, ਲੋਭ, ਹਠ, ਮੋਹ ਨ ਮਨ ਸਿਉ ਲਯਾਵੈ।' ਦਾ ਤਿਆਗ ਕਰਨਾ ਸਿਖਾਉਂਦੀ ਹੈ।

ਅਨੰਦਪੁਰ ਵਿਚ ਜਦੋਂ ਵਿਦਵਾਨ ਆਪ ਜੀ ਦੇ ਸੱਦੇ ਅਨੁਸਾਰ ਪਹੁੰਚਣ ਲਗੇ ਤਾਂ ਅਨੰਦਪੁਰ ਇਕ 'ਸਾਹਿਤ ਭਵਨ' ਦੀ ਤਰ੍ਹਾਂ ਹੀ ਬਣ ਗਿਆ ਤੇ ਸਾਰੇ ਸ਼ਹਿਰ ਵਿਚ ਚੰਗੇ ੨ ਵਿਦਵਾਨਾਂ ਦੀ ਬੜੀ ਰੌਣਕ ਰਹਿਣ ਲਗੀ। ਆਪ ਜੀ ਦਾ ਦਰਬਾਰ ਇਕ ਕਵੀ ਦਰਬਾਰ ਬਣ ਗਿਆ ਸੀ। ਆਪ ਜੀ ਨੇ ਬਾਹਰੋਂ ਆਏ ਪੰਡਤਾਂ ਪਾਸੋਂ ਅਨੇਕਾਂ ਹਿੰਦੂ ਗ੍ਰੰਥਾਂ, ਧਾਰਮਕ ਪੁਸਤਕਾਂ (ਜੋ ਸੰਸਕ੍ਰਿਤ ਵਿਚ ਸਨ) ਦੇ ਉਲਥੇ ਵਖ ੨ ਬੋਲੀ ਹਿੰਦੀ, ਫ਼ਾਰਸੀ, ਬ੍ਰਿਜ ਭਾਸ਼ਾ ਤੇ ਪੰਜਾਬੀ) ਵਿਚ ਕਰਵਾਏ ਤੇ ਖੁਦ ਭੀ ਕੀਤੇ। ਜਿਵੇਂ ਕਿ:—ਭਾਈ ਵੀਰ ਸਿੰਘ ਜੀ 'ਸ੍ਰੀ ਕਲਗੀਧਰ ਚਮਤਕਾਰ' ਅੰਦਰ ਲਿਖਦੇ ਹਨ ਕਿ 'ਸੋ ਆਪ ਨੇ ਇਸ ਰਖਿਆ ਦੇ ਕੰਮ ਨੂੰ ਕਰਦੇ ਹੋਏ ਆਪਣੇ ਅਸਲੀ ਗੁਰਿਆਈ ਦੇ ਫ਼ਰਜ਼ਾਂ ਨੂੰ ਪਹਿਲੇ ਗੁਰੂ ਸਾਹਿਬਾਂ ਵਾਂਗ ਪੂਰੀ ਤਰ੍ਹਾਂ ਨਿਭਾਇਆ। ਆਪ ਦੀਆਂ ਤਬਾਹੀ ਤੋਂ ਬਚ ਰਹੀਆਂ ਕੁਛ ਰਚਨਾਂ ਜੋ ਹਨ ਉਹਨਾਂ ਨੂੰ ਪੜ੍ਹ ਪੜ੍ਹ ਕੇ ਤਸੱਲੀ ਹੋ ਜਾਂਦੀ ਹੈ ਕਿ ਆਪ ਮਹਾਨ ਕਵੀ ਸਨ। ਵਿਦਿਆ ਵਿਚ ਪੂਰੀ ਗੰਮਤਾ ਸੀ। ਸ਼ੌਕ ਇਤਨਾ ਸੀ ਵਿਦਿਆ ਦਾ ਕਿ ਉਸ ਵੇਲੇ ਦੇ ਪ੍ਰਸਿੱਧ ਗ੍ਰੰਥਾਂ ਦੇ ਸੰਸਕ੍ਰਿਤ ਆਦਿ ਭਾਸ਼ਾ ਤੋਂ ਤਰਜਮੇ ਕਰਵਾਏ,ਨਵੀਨ ਗ੍ਰੰਥ ਰਚੇ ਤੇ ਰਚਵਾਏ। ਗੁਣੀਆਂ, ਵਿਦਵਾਨਾਂ, ਕਵੀਆਂ ਦੀ ਕਦਰਦਾਨੀ ਕੀਤੀ, ਐਤਨੀ ਕਿ ਅਜ ਕਲ ਉਸਦੀ ਨਜ਼ੀਰ ਨਹੀਂ ਦਿਸਦੀ। ਮਹਾਂ ਭਾਰਤ ਦੇ ਇਕ ਇਕ ਪਰਬ ਦੇ ਟੀਕੇ ਲਈ ਸਠ ਸਠ ਹਜ਼ਾਰ ਰੁਪੱਯਾ ਉਲਥਾਕਾਰਾਂ ਨੂੰ ਦਿਤਾ, ਸੋ ਨਾ ਕੇਵਲ ਆਪ ਕਵੀ ਤੇ ਦ੍ਰਿਸ਼ਟਾ ਤੇ ਦ੍ਰਿਸ਼ਟਮਾਨ ਦੋਹਾਂ ਵਿਦਿਆ ਵਿਚ ਪ੍ਰਬੀਨ ਸਨ, ਸਗੋਂ ਆਪ ਵਿਦਿਆ ਤੇ ਵਿਦਵਾਨਾਂ ਦੇ ਭੀ ਭਾਰੇ ਸਰਪ੍ਰਸਤ ਸਨ।

ਕਵੀ ਸੈਨਾਪਤੀ ਜੀ ਆਪ ਜੀ ਦੇ ਕਵੀ ਦਰਬਾਰ ਤੋਂ ਪ੍ਰਭਾਵਤ ਹੋਕੇ ਲਿਖਦੇ ਹਨ ਕਿ ਗੁਰ ਗੋਬਿੰਦ ਦੀ ਸਭਾ ਮਹਿ ਲੇਖਕ ਪਰਮ ਸੁਜਾਨ' ਅਤੇ ਮੈਥਲੀ ਸ਼ਰਨ ਗੁਪਤ ਆਪਣੀ ਕਿਤਾਬ ਗੁਰੂ ਕੁਲ ਵਿਚ



www.AKJ.Org

ਲਿਖਦੇ ਹਨ ਕਿ 'ਅਪਨੀ ਭਾਸ਼ਾ ਮੇਂ ਅਪਨੋ ਕੇ ਗਾਨੇ ਲਗੇ ਲੋਗ ਅਬ ਗੀਤ। ਜਾਗਾ ਸ੍ਵਾਭਿਮਾਨ ਥੇ ਉਨ ਮੇ ਔਰ ਹੁਏ ਵੇ ਪ੍ਰਕ੍ਰਿਤ ਪੁਨੀਤ । ਬੜੀ ਦੇਵ ਭਾਸ਼ਾ ਸੇ ਭੀ ਹੈ ਜਨਤਾ ਕੀ ਭਾਸ਼ਾ ਜਨਤਾਰਥ । ਉਸ ਮੇਂ ਦੋਨੋ ਹੀ ਸਧਤੇ ਹੈਂ ਉਸ ਕੇ ਸ੍ਵਾਰਥ ਔਰ ਪਰਮਾਰਥ। ਹੁਈ ਧੀਰ ਗਾਥਾਓਂ ਪਰ ਬਹੁ ਸ਼ੂਰ ਸਿਖੋਂ ਕੇ ਮਨ ਮੇ ਪ੍ਰੀਤਿ। ਵੀਰ ਮਰਾਠੋ ਮੇਂ ਥੀ ਜੈਸੇ ਕਥਾ ਔਰ ਕੀਰਤਨ ਕੀ ਰੀਤਿ। ਗੁਰੂ ਕਾ ਸੱਚਾ ਗੌਰਵ ਯਹ ਹੈ ਵਹ ਗੜ੍ਹ ਸਕੇ ਸ੍ਵਯੰ ਨਵ ਮੰਤ । ਵੇ ਕਵਿਥੇ, ਰਚਤੇ ਥੇ ਬਹੁਧਾ ਬਲਦਾਇਕ ਬਹੁ ਵ੍ਰਿਤ ਸ੍ਵਤੰਤ੍ਰ ।'

ਆਪ ਜੀ ਨੇ ਇਨ੍ਹਾਂ ਵਿਦਵਾਨਾਂ ਪਾਸੋਂ ਕਵਿਤਾ, ਛੰਦ, ਕਾਵਿ ਰੂਪ ਅਤੇ ਸੂਯੈ ਵਿਚ ਇਤਨਾਂ ਸਾਹਿਤ ਲਿਖਵਾਇਆ ਤੇ ਲਿਖਿਆ ਕਿ ਜਿਸਦਾ ਭਾਰ ੯ ਮਣ ਦੇ ਲਗ ਭਗ ਸੀ। ਇਹ ਸਾਰੀ ਰਚਨਾ ਸਭ ਧਰਮਾਂ ਦੇ ਸਮੂਹ ਗ੍ਰੰਥਾਂ ਦਾ ਨਿਚੋੜ ਸੀ। ਪਰ ਬੜੇ ਦੁਖ ਦੀ ਗੱਲ ਹੈ ਕਿ ਅਨੰਦਪੁਰ ਤੋਂ ਆਉਣ ਸਮੇਂ ਕੁਝ ਸਾਹਿਤ ਤਾਂ ਅਣਗਹਿਲੀ ਨਾਲ ਭੁਲ ਚੁਕ ਵਿਚ ਗੁਆਚ ਗਿਆ ਤੇ ਕੁਝ ਸਰਸਾ ਦਰਿਆ ਦੀਆਂ ਲਹਿਰਾਂ ਵਿਚ ਅਲੋਪ ਹੋ ਗਿਆ। ਇਸ ਸਾਰੇ ਸਾਹਿਤ ਦਾ ਇਕ ਬਹੁਤ ਵੱਡਾ ਗਰੰਥ ਬਣਾ-ਇਆ ਗਿਆ ਜਿਸ ਦਾ ਨਾਮ ਵਿਦਿਆ ਸਾਗਰ ਰਖਿਆ ਗਿਆ ਸੀ ਜੋ ਅੱਜ ਸਾਡੀਆਂ ਨਜ਼ਰਾਂ ਤੋਂ ਉਹਲੇ ਕਿਸੇ ਦਰਿਆ ਦੀਆਂ ਛੱਲਾਂ ਦਾ ਅਟੁਟ ਅੰਗ ਬਣ ਕੇ ਸਦਾ ਲਈ ਖਤਮ ਹੋ ਚੁਕਾ ਹੈ। ਇਸ ਗਰੰਥ ਦੇ ਕੁਝ ਹਿਸੇ ਅਲਗ ੨ ਉਤਾਰੇ ਜਾ ਚੁਕੇ ਸਨ ਜੋ ਸਾਨੂੰ ਦਸਮ ਗ੍ਰੰਥ ਦੇ ਰੂਪ ਵਿੱਚ ਦਿਖਾਈ ਦੇ ਰਹੇ ਹਨ। ਇਸ ਬਾਰੇ ਭੀ ਅੱਜ ਦੇ ਵਿਦਵਾਨਾਂ ਦੀ ਆਪਸ ਵਿੱਚ ਕਾਫੀ ਮਤ ਭੇਦ ਹੋ ਰਹੀ ਹੈ ਕਿਉਂਕਿ ਕੋਈ ਸਾਰੀ ਰਚਨਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਮੰਨਦਾ ਹੈ, ਕੋਈ ਥੋੜੀ ਤੇ ਕੋਈ ਬਹੁਤੀ ਮੰਨਦਾ ਹੈ। ਪਰ ਸਾਨੂੰ ਕੀ ? ਇਹ ਤਾਂ ਸਚੇ ਪਾਇਸ਼ਾਹ ਜੀ ਆਪ ਹੀ ਜਾਨਣਹਾਰੇ ਹਨ ਕਿ ਕਿਹੜੀ ਰਚਨਾ ਕਿਸ ਦੀ ਹੈ ? ਮੈਨੂੰ ਇਤਨਾਂ ਕੁ ਯਕੀਨ ਤੇ ਭਰੋਸਾ ਜਰੂਰ ਹੈ ਕਿ ਦਸਮੇਸ਼ ਗੁਰੂ ਜੀ ਨੇ ਤਲਵਾਰ ਅਤੇ ਕਲਮ ਨੂੰ ਪੂਰੇ ਜ਼ੋਰ ਤੇ ਬਰਾਬਰੀ ਅਨੁਸਾਰ ਜੇ ਨਾ ਚਲਾਉਂਦੇ ਤਾਂ ਸਿਖ ਕਦੇ ਭੀ ਇਤਨੇ ਢੰਗ ਕਰ ਦੇਨ ਵਾਲੇ ਤੇ ਹੈਰਾਨੀ ਭਰੇ ਕਾਰਨਾਮੇ, ਕੌਤਕ, ਆਦਿ ਭੀ ਨਹੀਂ ਸਨ ਦਿਖਾ ਸਕਦੇ। ਇਹ ਸਾਰੇ ਦਾ ਸਾਰਾ 'ਦਸਮ ਗ੍ਰੰਥ' ਦੀ ਬੀਰ ਰਸੀ ਕਾਵਿ ਦਾ ਹੀ ਵਡੱਪਣ ਹੈ ਕਿ ਉਸਨੂੰ ਮੁੜ ਜਾਂ ਸੁਣ ਕੇ ਕੰਮਜ਼ੋਰ ਦਾ ਭੀ ਖੂਨ ਜੋਸ਼ ਵਿਚ ਉਬਾਲੇ ਖਾਣ ਲੱਗ ਪੈਂਦਾ ਹੈ, ਇਸ ਲਈ ਹੁਣ ਸਾਡੇ ਪਾਸ 'ਦਸਮ ਗ੍ਰੰਥ' ਇਕ ਅਮੋਲਕ ਖਜ਼ਾਨਾ ਬਣ ਚੁਕਾ ਹੈ। ਆਪ ਜੀ ਦੀ ਮਹਾਨ ਸੇਵਾ ਜੋ ਦੇਸ ਵਾਸੀਆਂ ਦੇ ਦਿਲਾਂ ਉਪਰ ਉਕਰੀ ਰਹੇਗੀ ਉਸ ਤੋਂ ਕਾਇਲ ਹੋ ਕੇ ਸਾਧੂ ਗੋਬਿੰਦ ਸਿੰਘ ਜੀ 'ਇਤਿਹਾਸ ਗੁਰੂ ਖਾਲਸਾ' ਵਿਚ ਲਿਖਦੇ ਹਨ ਕਿ 'ਇਸ ਭਾਰਤ ਭੂਮੀ ਪਰ ਅਨੇਕੋਂ ਧਰਮ ਪ੍ਰਚਾਰਕ ਧਰਮ ਗੁਰੂ ਹੂਏ ਹੈਂ, ਤਥਾ ਆਗੇ ਭੀ ਹੋਂਗੇ, ਤਥਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੈਸੇ ਧਰਮ ਗੁਰੂ ਦਾ ਹੋਣਾ ਦੁਬਾਰਾ ਇਸ ਦੁਨੀਆਂ ਮੇਂ ਦੁਰਘਟ ਹੈ।' ਅਤੇ ਵਿਦਵਾਨ 'ਗਾਫ' ਭੀ ਲਿਖਦੇ ਹਨ ਕਿ ਗੁਰੂ ਗੋਵਿੰਦ ਸਿੰਘ ਸੰਸਾਰ ਦਾ ਇਕ ਮਤਿ ਸਿਆਣਾ ਹਮੇਸ਼ ਚੜ੍ਹਦੀ ਕਲਾ ਵਿਚ ਵਿਚਰਨ ਵਾਲਾ, ਪਵਿਤ੍ਰ ਜਜ਼ਬਿਆਂ ਨਾਲ ਭਰਪੂਰ ਆਸ਼ਾਵਾਦੀ ਤੇ ਧਾਰਮਕ ਰੰਗਣ ਵਿਚ ਰੰਗਿਆ ਹੋਇਆ ਉਹ ਮਹਾਨ ਆਗੂ ਸੀ, ਜਿਸ ਨੇ ਅੰਮ੍ਰਿਤ ਦੀ ਰਸਮ ਦੁਆਰਾ ਕੌਮ ਦੀ ਨਵੇਂ ਸਿਰਿਓਂ ਉਸਾਰੀ ਕੀਤੀ।

ਭਾਈ ਮਨੀ ਸਿੰਘ ਜੀ ਨੇ ਸਾਰੀ ਬਾਣੀ ਇਕੱਤਰ ਕਰਕੇ ਬੀੜ ਦਾ ਰੂਪ ਦੇ ਕੇ ਇਸ ਦਾ ਨਾਮ ਦਸਮ ਗ੍ਰੰਥ ਰਖਿਆ। ਇਸ ਵਿਚ ਜਾਪੁ, ਅਕਾਲ ਉਸਤਤਿ, ਬਚਿਤ੍ਰ ਨਾਟਕ, ਚੰਡੀ ਦੀ ਵਾਰ, ਚੰਡੀ ਚਰਿਤ੍ਰ, ਵਾਰ ਭਗੌਤੀ, ਚੌਬੀਸ ਅਵਤਾਰ, ਗਿਆਨ ਪ੍ਰਬੋਧ, ਸ਼ਬਦ ਹਜ਼ਾਰੇ ਪਾ: ੧੦, ਸ੍ਰੀ ਮੁਖਵਾਕ ਸ੍ਵਯੇ ਪਾ: ੧੦, ਜ਼ਫਰਨਾਮਾ, ਸ੍ਰੀ ਸ਼ਸਤ੍ਰਨਾਮ ਮਾਲਾ, ਖਾਲਸਾ ਮਹਿਮਾ, ਤ੍ਰਿਯਾ ਚਰਿਤ੍ਰ, ਬੇਨਤੀ ਚੌਪਈ ਪਾ:੧੦ ਅਤੇ ਅਸਫੋਟਕ ਕਬਿਤ ਆਦਿ ਬਾਣੀਆਂ*



www.AKJ.Org

(ਸਫ਼ਾ 5 ਦੀ ਬਾਕੀ)

ਉਤੇ ਨਿਰਭਰ ਕਰਦੀ ਹੈ। ਜਿਸ ਤਰਾਂ ਕਲਾਕਾਰ ਦੇ ਦਿਮਾਗ਼ ਵਿਚ ਫੁਰਨਾ ਫੁਰਿਆ ਯਾ ਜਿਸ ਤਰਾਂ ਦੀ ਉਸ ਨੂੰ ਤਸਵੀਰ ਚੰਗੀ ਫਬਦੀ ਦਿਸੀ ਉਸੇ ਤਰ੍ਹਾਂ ਦੀ ਕਲਾਕਾਰ ਨੇ ਬਣਾ ਛਡੀ। ਇਹੀ ਕਾਰਨ ਹੈ ਕਿ ਵਖਰੇ ਵਖਰੇ ਕੈਲੰਡਰਾਂ ਉਤੇ ਬਣੀਆਂ ਹੋਈਆਂ ਤਸਵੀਰਾਂ ਆਪਸ ਵਿਚ ਨਹੀਂ ਮਿਲਦੀਆਂ ਕਿਉਂਕਿ ਉਹ ਵਖਰੇ ਵਖਰੇ ਕਲਾਕਾਰਾਂ ਦੀਆਂ ਬਣੀਆਂ ਹੋਈਆਂ ਹੁੰਦੀਆਂ ਹਨ। ਹੁਣ ਅੰਦਾਜ਼ਾ ਲਾਈਏ ਕਿ ਇਹਨਾਂ ਤਸਵੀਰ ਬਣਾਉਣ ਵਾਲੇ ਕਲਾਕਾਰਾਂ ਨੇ ਆਪਣੀ ਹੱਥ ਸਫਾਈ ਨਾਲ ਗੁਰੂ ਨਾਨਕ ਦੇਵ ਜੀ ਦੇ 500 ਸਾਲ ਪਹਿਲਾਂ ਵਾਲੇ ਨੂਰਾਨੀ ਚਿਹਰੇ ਵਿਚ ਕਿਨਾ ਕੁ ਫਰਕ ਪਾ ਦਿਤਾ ਹੋਵੇਗਾ। ਸਚ ਪੁਛੋ ਤਾਂ ਅੰਦਾਜ਼ਾ ਲਾਉਣਾ ਹੀ ਬੜਾ ਔਖਾ ਹੈ ਕਿਉਂਕਿ ਅਸੀਂ ਗੁਰੂ ਨਾਨਕ ਦੇਵ ਜੀ ਨੂੰ ਅੱਖੀਂ ਤਾਂ ਨਹੀਂ ਨ ਡਿਠਾ।

ਚਲੋ ਥੋਹੜੀ ਦੇਰ ਲਈ ਮੰਨ ਲਓ ਕਿ ਇਹ ਸਭ ਤਸਵੀਰਾਂ ਗੁਰੂ ਨਾਨਕ ਦੇਵ ਜੀ ਦੀ ਹੂਬਹੂ ਸ਼ਕਲ ਨਾਲ ਮਿਲਦੀਆਂ ਹਨ ਤੇ ਇਹਨਾਂ ਵਿਚ ਤਿਲ ਜਿਨਾਂ ਵੀ ਫ਼ਰਕ ਨਹੀਂ। ਪਰ ਫਿਰ ਵੀ ਇਹ ਲਾਹੇਵੰਦ ਨਹੀਂ ਹੋ ਸਕਦੀਆਂ ਕਿਉਂਕਿ ਗੁਰੂ ਨਾਨਕ ਦੇਵ ਜੀ ਦੇ ਜੀਵਨ ਕਾਲ ਸਮੇਂ ਉਹਨਾਂ ਦੇ ਦਰਸ਼ਨ ਤਾਂ ਅਣਗਿਣਤ ਵਿਅਕਤੀਆਂ ਨੇ ਕੀਤੇ ਹੋਣਗੇ। ਕੀ ਉਹ ਸਾਰੇ ਹੀ ਤਰ ਗਏ? ਉਤਰ ਵਜੋਂ ਕਿਹਾ ਜਾ ਸਕਦਾ ਹੈ ਕਿ ਬਿਲਕੁਲ ਨਹੀਂ। ਜੇਕਰ ਉਹਨਾਂ ਦੇ ਪ੍ਰਤੱਖ ਦਰਸ਼ਨ ਕੀਤਿਆਂ ਕੋਈ ਨਹੀਂ ਤਰ ਸਕਿਆ ਭਾਵ ਮੁਕਤੀ ਪ੍ਰਾਪਤ ਨਹੀਂ ਕਰ ਸਕਿਆ ਤਾਂ ਇਹ ਹੂਬਹੂ ਤਸਵੀਰਾਂ ਸਾਨੂੰ ਮੁਕਤੀ ਪ੍ਰਾਪਤ ਕਰਾਉਣ ਵਿਚ ਕਿਸ ਤਰ੍ਹਾਂ ਸਹਾਈ ਹੋ ਸਕਦੀਆਂ ਹਨ। ਤਰੇ ਤਾਂ ਕੇਵਲ ਉਹ ਜਿਹਨਾਂ ਨੇ ਗੁਰੂ ਜੀ ਨੂੰ ਸਮਝਿਆ ਤੇ ਉਹਨਾਂ ਦੇ ਦਸੇ ਹੋਏ ਰਾਹ ਉਤੇ ਚਲੇ।

ਦੂਰ ਜਾਣ ਦੀ ਕੀ ਲੋੜ ਹੈ ਭਾਈ ਲਹਿਣਾ ਜੀ ਨੂੰ ਹੀ ਲੈ ਲਉ। ਉਹਨਾਂ ਦੇ ਪਿਤਾ ਭਾਈ ਫੇਰੂ ਜੀ ਦੇਵੀ ਦੇ ਉਪਾਸ਼ਕ ਸਨ। ਹਰ ਸਾਲ ਦੇਵੀ ਦੇ ਦਰਸ਼ਨ ਕਰਨ ਜਾਇਆ ਕਰਦੇ ਹਨ। ਉਹਨਾਂ ਦੀ ਦੇਖਾ ਦੇਖੀ ਭਾਈ ਲਹਿਣਾ ਜੀ ਦੇ ਮਨ ਵਿਚ ਵੀ ਚਾਅ ਉਠਿਆ। ਉਹ ਵੀ ਆਪਣੇ ਪਿਤਾ ਜੀ ਨਾਲ ਦੇਵੀ ਦੇ ਦਰਸ਼ਨ ਕਰਨ ਜਾਇਆ ਕਰਦੇ ਸਨ। ਪੱਕੇ ਨਿਸ਼ਚੇ ਨਾਲ ਦੇਵੀ ਦੀ ਅਰਾਧਨਾ ਕਰਕੇ ਵੀ ਮਨ ਦੀ ਭਟਕਣਾ ਦੂਰ ਨਾ ਹੋਈ। 28 ਸਾਲ ਦੀ ਉਮਰ ਵਿਚ ਗੁਰੂ ਨਾਨਕ ਦੇਵ ਜੀ ਦੇ ਇਕ ਖਡੂਰ ਵਾਸੀ ਸਿਖ ਭਾਈ ਜੋਧਾ ਜੀ ਤੋਂ ਉਹਨਾਂ ਦੀ ਅਲਾਹੀ ਬਾਣੀ ਸੁਣ ਸ਼ਾਂਤੀ ਤੇ ਅਨੰਦ-ਦਾਤੀ ਬਾਣੀ ਦੇ ਰਚਣਹਾਰ ਦੇ ਦਰਸ਼ਨਾਂ ਦੀ ਤਾਂਘ ਲਗ ਗਈ। ਅਗਲੇ ਸਾਲ ਦੇਵੀ ਦੀ ਯਾਤਰਾ ਨੂੰ ਜਾਂਦਿਆਂ ਆਪ ਨੇ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ। ਦਰਸ਼ਨ ਕੀ ਕੀਤੇ ਕਿ ਉਹਨਾਂ ਦੇ ਹੀ ਹੋ ਗਏ। ਲਗਾਤਾਰ ਛੇ ਸਾਲ ਕਰਤਾਰਪੁਰ ਵਿਖੇ ਗੁਰੂ ਸਾਹਿਬ ਦੇ ਹੁਕਮ ਵਿਚ ਸੰਗਤਾਂ, ਗਰੀਬਾਂ ਤੇ ਲੋੜਵੰਦਾਂ ਦੀ ਅਤੁਟ ਸੇਵਾ ਕੀਤੀ ਤੇ ਐਨੀਆਂ ਘਾਲਣਾਂ ਘਾਲੀਆਂ ਕਿ ਅੰਤ ਗੁਰੂ ਦੇ ਦਰ ਤੇ ਪ੍ਰਵਾਨ ਹੋਏ।

ਜ਼ਰਾ ਮਨ ਦੀਆਂ ਬਾਰੀਆਂ ਖੋਲ੍ਹ ਕੇ ਸੋਚੀਏ ਕਿ ਕੀ ਭਾਈ ਲਹਿਣਾ ਜੀ ਜੋ ਬਾਅਦ ਵਿਚ ਗੁਰੂ ਅੰਗਦ ਦੇਵ ਜੀ ਕਹਾਏ, ਗੁਰੂ ਜੀ ਦੇ ਕੇਵਲ ਦਰਸ਼ਨ ਕਰਕੇ ਹੀ ਗੁਰਗੱਦੀ ਦੇ ਮਾਲਕ ਬਣੇ। **ਇਸ ਦਾ**

---

*ਹਨ। ਇਨ ੧੬ ਰਚਨਾਵਾਂ ਦਸਮ ਗ੍ਰੰਥ ਦੇ ੧੪੨੮ ਪੰਨਿਆਂ ਵਿਚ ਦਰਜ ਹਨ। ਇਸ ਬਾਣੀ ਅੰਦਰ ਸ਼ਾਂਤ ਰਸ, ਬੀਰ ਰਸ ਅਤੇ ਸਿੰਗਾਰ ਰਸ ਡੁਲ ਡੁਲ ਕੇ ਪੈਂਦਾ ਹੈ। ਇਸ ਸਮੁਚੀ ਬਾਣੀ ਅੰਦਰ ਨਿਰਗੁਣ ਸਰੂਪ ਦੀ ਵਿਆਖਿਆ ਸਹਿਤ ਮਹਿਮਾ, ਪੁਰਾਤਨ ਹੋ ਚੁਕੇ ਅਵਤਾਰਾਂ ਦੀਆਂ ਜੀਵਨੀਆਂ, ਮਾਨਵਤਾ ਨੂੰ ਸਿਖਿਆ ਦੇਣ ਦੀਆਂ ਕਹਾਣੀਆਂ, ਧਰਮ ਵਿਚ ਪੈ ਚੁਕੀਆਂ ਪੁਰਾਣੀਆਂ ਕੀਮਤਾਂ ਦਾ ਖੰਡਨ, ਸਮੁਚੀ ਜਾਤੀ ਲਈ ਸਾਂਝੀਵਾਲਤਾ ਦਾ ਸਹੀ ਰਸਤਾ ਦਸਿਆ ਗਿਆ ਹੈ ਜੋ ਰਹਿੰਦੀ ਦੁਨੀਆ ਤੱਕ ਸੰਸਾਰ ਉਪਰ ਸੂਰਜ ਵਾਂਗ ਚਮਕਦਾ ਹੋਇਆ ਮਾਨਵਤਾ ਦੇ ਲਈ ਕਲਿਆਣ ਦਾਇਕ ਸਾਬਤ ਹੋਵੇਗਾ।



www.AKJ.Org

ਉੱਤਰ ਗੁਰਬਾਣੀ ਦਿੰਦੀ ਹੈ:—

ਗੁਰ ਡਿਠੇ ਮੁਕਤ ਨਾ ਹੋਵਈ,
ਜਿਚਰ ਸ਼ਬਦ ਨ ਧਰੇ ਪਿਆਰ।

ਭਾਵ ਅਰਥ–ਗੁਰੂ ਨੂੰ ਡਿਠਿਆਂ ਅਰਥਾਤ ਗੁਰੂ ਦੇ ਕੇਵਲ ਦਰਸ਼ਨ ਕੀਤਿਆਂ ਹੀ ਮੁਕਤੀ ਨਹੀਂ ਮਿਲਦੀ, ਮੁਕਤੀ ਪ੍ਰਾਪਤ ਕਰਨ ਲਈ ਸ਼ਬਦ ਦੇ ਨਾਲ ਪਿਆਰ ਪਾਉਣਾ ਪੈਂਦਾ ਹੈ ਭਾਵ ਸ਼ਬਦ ਦੀ ਕਮਾਈ ਕਰਨੀ ਪੈਂਦੀ ਹੈ।

ਹੁਣ ਪ੍ਰਸ਼ਨ ਉਠਦਾ ਹੈ ਕਿ ਸ਼ਬਦ ਕੀ ਹੈ ?

ਸ਼ਬਦ ਬਾਰੇ ਵੀ ਗੁਰਬਾਣੀ ਵਿਚ ਆਉਂਦਾ ਹੈ–

ਸ਼ਬਦ ਗੁਰੁ ਪੀਰਾ ਗਹਿਰ ਗੰਭੀਰਾ।

ਭਾਵ ਅਰਥ–'ਸ਼ਬਦ' ਜੋ ਬ੍ਰਹਮ ਤੋਂ ਆਇਆ ਹੈ ਇਹੀ ਗੁਰੂ ਹੈ, ਇਹੀ ਪੀਰ ਹੈ ਤੇ ਇਹੀ ਗਹਿਰ ਗੰਭੀਰ ਹੈ।

ਅਗਲਾ ਪ੍ਰਸ਼ਨ ਸਹਿਜ ਸੁਭਾ ਹੀ ਉਠ ਪੈਂਦਾ ਹੈ ਕਿ ਜਦ ਸ਼ਬਦ ਹੀ ਗੁਰੂ ਹੈ ਤਾਂ ਗੁਰੂ ਫਿਰ ਕਿਹੜਾ ਹੋਇਆ ? ਗੁਰਬਾਣੀ ਦਸਦੀ ਹੈ:—

'ਬਾਣੀ ਗੁਰੂ ਗੁਰੂ ਹੈ ਬਾਣੀ।'

ਅਰਥਾਤ ਬਾਣੀ ਤੇ ਗੁਰੂ ਦੋਵੇਂ ਇਕ ਹੀ ਹਨ। ਇਸ ਲਈ ਗੁਰੂ ਗ੍ਰੰਥ ਵਿਚ ਜਿਨੀ ਵੀ ਬਾਣੀ ਦਰਜ ਹੈ ਗੁਰੂ ਰੂਪ ਹੈ।

ਕਈ ਵਾਰੀ ਸਾਨੂੰ ਭੁਲੇਖਾ ਪੈ ਜਾਂਦਾ ਹੈ ਕਿ ਜਿਨੀਂ ਵੀ ਗੁਰੂ ਗ੍ਰੰਥ ਸਾਹਿਬ ਵਿਚ ਬਾਣੀ ਲਿਖੀ ਹੋਈ ਹੈ ਇਹ ਤਾਂ ਦਸਾਂ ਗੁਰੂਆਂ ਤੇ ਹੋਰ ਕਈ ਭਗਤਾਂ ਦੀ ਰਚੀ ਹੋਈ ਬਾਣੀ ਹੈ। ਇਹ ਅਲਾਹੀ ਬਾਣੀ ਕਿਦਾਂ ਹੋਈ ? ਇਸ ਸ਼ੰਕੇ ਨੂੰ ਦੂਰ ਕਰਨ ਲਈ ਸ਼ਹੀਦਾਂ ਦੇ ਸਿਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਇਸ ਤਰਾਂ ਆਖ ਰਹੇ ਹਨ–

'ਜੈਸੋ ਗੁਰ ਉਪਦੇਸਿਆ ਮੈਂ ਤੈਸੋ ਕਹਿਆ ਪੁਕਾਰਿ'।

ਭਾਵ ਅਰਥ–ਮੈਂ ਤੇਹੋ ਜਿਹਾ ਕਹਿ ਰਿਹਾ ਹਾਂ ਜੇਹੋ ਜਿਹਾ ਮੇਰੇ ਗੁਰੂ ਨੇ ਮੈਨੂੰ ਉਪਦੇਸਿਆ ਹੈ ਭਾਵ ਮੇਰਾ ਆਪਣਾ ਉਪਦੇਸ ਕੋਈ ਨਹੀਂ। ਇਹਨਾਂ ਤੁਕਾਂ ਵਿਚ ਗੁਰੂ ਉਸ ਪਰਮ ਪਿਤਾ ਪ੍ਰਮਾਤਮਾ ਨੂੰ ਆਖਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਵੀ ਇਹੋ ਬਚਨ ਕਰਦੇ ਹਨ :—

ਜੋ ਨਿਜ ਪ੍ਰਭ ਮੋ ਸੋ ਕਹਾ ਸੋ ਕਹਿਹੋਂ ਜਗ ਮਾਹਿ।

ਭਾਵ ਅਰਥ–ਜੋ ਖ਼ਾਸ ਤੌਰ ਤੇ ਮੈਨੂੰ ਪ੍ਰਭੂ ਨੇ ਕਿਹਾ ਹੈ ਮੈਂ ਉਹੋ ਹੀ ਕਹਿਣ ਵਾਸਤੇ ਜਗ ਵਿਚ ਆਇਆ ਹਾਂ। ਭਾਵ ਮੈਂ ਆਪਣੇ ਆਪ ਕੁਝ ਨਹੀਂ ਆਖ ਰਿਹਾ।

ਗੁਰੂ ਨਾਨਕ ਦੇਵ ਜੀ ਦਾ ਵੀ ਕਥਨ ਹੈ:–

ਜੈਸੀ ਮੈ ਆਵੈ ਖਸਮ ਕੀ ਬਾਣੀ
ਤੈਸੜਾ ਕਰੀ ਗਿਆਨ ਵੇ ਲਾਲੋ।

ਭਾਵ ਅਰਥ–ਹੇ ਲਾਲੋ ! ਮੈਨੂੰ ਜਿਵੇਂ ਮੇਰੇ ਸਾਈਂ ਵਲੋਂ ਬਾਣੀ ਆ ਰਹੀ ਹੈ ਉਹੀ ਗਿਆਨ ਕਰ ਰਿਹਾ ਹਾਂ। ਭਾਵ ਮੇਰਾ ਆਪਣਾ ਕਥਨ ਯਾ ਸਿਧਾਂਤ ਕੋਈ ਨਹੀਂ।

ਇਸ ਤੋਂ ਸਿਧ ਹੋਇਆ ਕਿ ਬਾਣੀ ਗੁਰੂਆਂ ਦੀ ਆਪਣੀ ਨਹੀਂ ਬਲਕਿ ਇਹ ਅਲਾਹੀ ਬਾਣੀ ਹੈ।

ਸੋ ਆਓ ਇਹਨਾਂ ਤਸਵੀਰਾਂ ਨੂੰ ਮੱਥੇ ਟੇਕਣ ਦੀ ਥਾਂ ਗੁਰਬਾਣੀ ਦਾ ਲੜ ਫੜ ਲਈਏ ਕਿਉਂਕਿ–

ਗੁਰ ਕੀ ਬਾਣੀ ਜਿਸੁ ਮਨਿ ਵਸੈ।
ਦੂਖੁ ਦਰਦੁ ਸਭ ਤਾ ਕਾ ਨਸੈ।

ਭਾਵ ਅਰਥ–ਜਿਸ ਮਨ ਵਿਚ ਗੁਰਬਾਣੀ ਦਾ ਵਾਸਾ ਹੋ ਜਾਂਦਾ ਹੈ ਉਸ ਦੇ ਦੁਖਾਂ ਦੇ ਦਰਦਾਂ ਨੂੰ ਭਾਜੜ ਪੈ ਜਾਂਦੀ ਹੈ। ਭਾਵ ਉਹੀ ਸੁਖੀ ਹੋ ਜਾਂਦਾ ਹੈ।

ਕੇਵਲ ਏਨਾ ਹੀ ਨਹੀਂ। ਗੁਰੂ ਅਮਰਦਾਸ ਜੀ ਤਾਂ ਗੁਰਬਾਣੀ ਪੜ੍ਹਨ ਦਾ ਬਹੁਤ ਸਾਰਾ ਮਹਾਤਮ ਦਸਦਿਆਂ ਹੋਇਆਂ ਇਸ ਗਲ ਦੀ ਗਰੰਟੀ ਵੀ ਦਿੰਦੇ ਹਨ–

ਗੁਰ ਕੀ ਬਾਣੀ ਸਿਉਂ ਲਾਇ ਪਿਆਰੁ।
ਐਥੇ ਓਥੈ ਏਹੁ ਆਧਾਰੁ।

ਭਾਵ ਅਰਥ–ਜੋ ਵੀ ਜੀਵ ਗੁਰਬਾਣੀ ਨਾਲ ਪਿਆਰ ਪਾਵੇਗਾ ਉਸਦਾ ਇਸ ਲੋਕ ਤੇ ਪਰਲੋਕ ਵਿਚ ਇਹ ਆਸਰਾ ਬਣੇਗੀ।

—o—



www.AKJ.Org

# ਸਾਵਧਾਨ ! ਇਹ ਗੁਰਬਾਣੀ ਨਹੀਂ !

(ਵਲੋਂ–ਇਕ ਖੋਜੀ ਪ੍ਰੇਮੀ)

ਆਮ ਵੇਖਨ ਵਿਚ ਆਇਆ ਹੈ ਕਿ ਕਈ ਐਸੀਆਂ ਪੰਗਤੀਆਂ ਪੰਥ ਵਿਚ ਪ੍ਰਚਲਿਤ ਹਨ ਜੋ ਖੋਜ ਕਰਨ ਤੇ ਪਤਾ ਲਗਾ ਹੈ ਕਿ ਗੁਰ ਬਾਣੀ ਨਹੀਂ ਪਰ ਉਹਨਾਂ ਦਾ ਉਚਾਰਨ ਗ੍ਰੰਥੀ ਸਿੰਘ ਅਰਦਾਸੇ ਸਮੇਂ ਕਰਦੇ ਹਨ ਅਤੇ ਸਿਖ ਸੇਵਕਾਂ ਨੂੰ ਆਮ ਕਰਕੇ ਇਹੋ ਭੁਲੇਖਾ ਰਹਿੰਦਾ ਹੈ ਕਿ ਗ੍ਰੰਥੀ ਸਿੰਘ ਸਾਹਿਬਾਂ ਦੀ ਬਾਣੀ ਵਿਚੋਂ ਹੀ ਪੜ ਰਿਹਾ ਹੈ।

ਕੁਝ ਕੁ ਨਮੂਨੇ ਪਾਠਕਾਂ ਦੀ ਗਿਆਤ ਲਈ ਹੇਠਾਂ ਦਿਤੀਆਂ ਜਾਂਦੀਆਂ ਹਨ। ਇਹ ਗੁਰਬਾਣੀ ਨਹੀਂ ਹਨ।

1. ਅਉਗੁਣਹਾਰੇ ਕੀ ਬੇਨਤੀ ਸੁਨਹੁ ਗਰੀਬ ਨੀਵਾਜ।
ਜੇ ਹਉ ਪੂਤ ਕਪੂਤ ਹੋ, ਬਹੁੜ ਪਿਤਾ ਕੋ ਲਾਜ।

2. ਜੇ ਮੈ ਭੁਲ ਵਿਗਾੜਿਆ ਤੂੰ ਨ ਕਰ ਮੈਲਾ ਚਿਤ।
ਸਾਹਿਬ ਗੋਰਾ ਲੋੜੀਏ ਨਫਰ ਵਿਗਾੜੇ ਹਿਤ।

ਤੀਸਰੀ ਪੰਗਤੀ ਐਸੀ ਵੇਖਨ-ਸੁਨਣ ਵਿਚ ਆਈ ਹੈ ਜਿਸ ਵਿਚ 'ਨਾਨਕ' ਪਦ ਭੀ ਸ਼ਾਮਲ ਕੀਤਾ ਗਿਆ ਹੈ। ਕਈ ਥਾਂਈ ਕਿਤੇ ਭੀ ਛਪੇ ਦੇਖੇ ਗਏ ਹਨ, ਪਰ ਇਹ ਪੰਗਤੀ ਭੀ ਗੁਰਬਾਣੀ ਨਹੀਂ।

3. ਦੂਜਾ ਕਾਹੇ ਸਿਮਰੀਐ ਜੋ ਜੰਮੇ ਤੇ ਮਰ ਜਾਇ।
ਏਕੋ ਸਿਮਰੋ ਨਾਨਕਾ ਜੋ ਜਲ ਥਲ ਰਹਿਆ ਸਮਾਏ।

ਫਿਰ ਸੰਤ ਮਹਾਂਪੁਰਖ ਜਦੋਂ ਕਦੀ ਪ੍ਰਸ਼ਾਦਾ ਛਕ ਕੇ (ਚੁਲਾ ਪੜ੍ਹਨ ਸਮੇਂ) ਅਰਦਾਸ ਕਰਦੇ ਸੁਣੇ ਜਾਂਦੇ ਹਨ। ਕੇਵਲ ਹੇਠਲੀ ਪੰਗਤੀ ਬਾਣੀ ਹੈ। ਪਹਿਲੀ ਪੰਗਤੀ ਓਪਰੀ ਹੈ।

ਸਤੀ ਦੇ ਸੰਤੋਖੀ ਖਾਇ।
ਤਉ ਨਾਨਕ ਦਰ ਦੀਦਾਰ ਸਮਾਇ।

---

## ਅਕਾਲ ਚਲਾਣਾ

ਭਾਈ ਜਰਨੈਲ ਸਿੰਘ ਜੀ ਪਠਾਨਕੋਟ ਨਿਵਾਸੀ ਸਤਿਗੁਰੂ ਜੀ ਦੇ ਅਟੱਲ ਭਾਣੇ ਵਿਚ ਅਕਾਲ ਚਲਾਣਾ ਕਰ ਗਏ ਹਨ। ਭੋਗ ਦੀ ਸਮਾਪਤੀ ਸਮੇਂ 25 ਦਮੜੇ 'ਸੂਰਾ' ਨੂੰ ਸਹਾਇਤਾ ਭੇਜੇ ਗਏ। ਸਤਿਗੁਰੂ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ੇ।



www.AKJ.Org

# ਅਰਦਾਸ ਦੀ ਕਰਾਮਾਤ

(ਵਲੋਂ–ਭਾਈ ਦੇਵਾ ਸਿੰਘ ਜੀ 'ਕਿਰਤੀ' ਅੰਮ੍ਰਿਤਸਰ)

ਅਜ ਕਲ ਨਾਸਤਕਤਾ ਦੀ ਹਨੇਰੀ ਵੇਖ ਕੇ ਦਿਲ ਘਬਰਾ ਜਾਂਦਾ ਹੈ ਜਦੋਂ ਚਾਰ ਚੁਫੇਰੇ ਘੋਰ ਘੁਪ ਹਨੇਰਾ ਹੁੰਦਾ ਜਾ ਰਿਹਾ ਹੈ ਤੇ ਕੀ ਕਰਨਗੇ ਅਗੋਂ ਬਚੇ ਬਚੀਆਂ ਜਦੋਂ ਧਰਮ ਨੂੰ ਇਕ ਮਖ਼ੌਲ ਬਣਾ ਦਿਤਾ ਹੈ ਚੰਗੇ ਚੰਗੇ ਧਰਮੀ ਅਖਵਾਣ ਵਾਲੇ ਸਜਨਾਂ ਨੇ ਹੀ ਕਦੇ ਸਚ ਸੀ ਤੇ ਸਚ ਹੈ :

ਬਿਰਥਾ ਕਦੇ ਨਾ ਹੋਵਈ ਜਨ ਕੀ ਅਰਦਾਸ ।

ਅਜ ਅਰਦਾਸ ਬੜੀ ਲੰਮੀ ਲੱਛੇਦਾਰ ਕੀਤੀ ਜਾਂਦੀ ਹੈ, ਪਰ ਸੁਣੀ ਵਿਰਲੇ ਦੀ ਜਾਂਦੀ ਹੈ ਕਿਉਂਕਿ ਮਨ ਨੇ ਨਹੀਂ ਕੀਤੀ ਤੇ ਹੋ ਜਾਂਦੀ ਹੈ ।

ਜਿਨ ਮਨ ਹੋਰ ਮੁਖ ਹੋਰ ਸਿ ਕਾਂਢੇ ਕਚਿਆ ।

ਅਸੀਂ ਤਾਂ ਰੱਬ ਨੂੰ ਵੀ ਖਿਡੌਣਾ ਹੀ ਸਮਝ ਲੈਂਦੇ ਹਾਂ ਜੋ ਖਬਰੇ ਭੁਲੇਖੇ ਪਾ ਕੇ ਵਸ ਵਿਚ ਕਰ ਲਵਾਂਗੇ ਪਰ ਇਹ ਨਹੀਂ ਜਾਣਦੇ ਜੋ ਓਹ ਤਾਂ ਮਨ (ਦਿਲ) ਪੜ੍ਹਦਾ ਹੈ ਮੂੰਹ ਦੀਆਂ ਗੱਲਾਂ ਘਟ ਸੁਣਦਾ ਹੈ ਤੇ ਨਾ ਹੀ ਟਪਲੇ ਖਾ ਸਕਦਾ ਹੈ। ਆਪਣੇ ਜੀਵਨ ਵਿਚ ਕਈ ਮੁਸ਼ਕਲਾਂ ਵੇਲੇ ਜਿਸ ਤਰ੍ਹਾਂ ਮਹਾਰਾਜ ਜੀ ਬਹੁੜੀ ਕਰਦੇ ਰਹੇ ਉਹ ਯਾਦ ਕੀਤਿਆਂ ਦਿਲ ਦ੍ਰਵ ਜਾਂਦਾ ਹੈ ਏਹ ਪਰਚਾ ਓਸ ਮਰਜੀਵੜੇ ਲੋਕਾਂ ਦਾ ਹੈ ਜਿਨ੍ਹਾਂ ਦਾ ਮਨ ਸਚਮੁਚ ਆਸਤਕ ਮੰਨਿਆ ਜਾਂਦਾ ਹੈ । ਇਸ ਵਾਸਤੇ ਇਕ ਘਟਨਾ ਨਹੀਂ ਸਗੋਂ ਕਰਾਮਾਤ ਵੇਖੀ ਹੋਈ ਲਿਖਦਾ ਹਾਂ, ਕਿਸ ਤਰ੍ਹਾਂ 'ਬਾਣੀ ਗੁਰੂ ਗੁਰੂ ਹੈ ਬਾਣੀ' ਪਰਤੱਖ ਜਾਗਤੀ ਜੋਤ ਗੁਰੂ ਗ੍ਰੰਥ ਸਾਹਿਬ ਜੀ ਨੇ ਓਸ ਵੇਲੇ ਦਰਸ਼ਨ ਦਿਤੇ ਤੇ ਸਾਬਤ ਕਰ ਦਿਤਾ ਜੋ ਅਜ ਕੋਈ ਦੇਹਧਾਰੀ ਗੁਰੂ ਨਹੀਂ ਕਰ ਸਕਦਾ ।

ਇਸ ਘਟਨਾ ਨੂੰ ਬਹੁਤ ਸਾਰੇ ਸਨਬੰਧੀ ਜੋ ਉਸ ਵੇਲੇ ਕੋਲ ਸਨ ਜਾਨਦੇ ਹਨ ਸੰਨ ੧੯੪੦ ਦੀ ਗਲ ਹੈ ਅਸੀਂ ਗੁਜਰਾਂਵਾਲੇ ਸਾਂ ਸਾਡੀ ਇਕ ਬੀਬੀ ਸ਼ਾਦੀ ਸੁਦਾ ਬੀਮਾਰ ਹੋਣ ਤੇ ਉਸ ਨੂੰ ਅੰਤ ਸਮੇਂ ਕੁਝ ਦਿਨ ਆਪਣੇ ਕੋਲ ਲਿਆਉਣਾ ਪੈ ਗਿਆ, ਕੁਦਰਤੀ ਘਰ ਵਿਚ ਕੀਰਤਨ ਦਾ ਸਮਾਂ ਬਣਦਾ ਰਿਹਾ ਅਖੀਰ ਤਿੰਨ ਦਿਨ ਤੇ ਤਿੰਨ ਰਾਤਾਂ ਬੜੀਆਂ ਕਠਨ ਜਹੀਆਂ ਆ ਗਈਆਂ ਜਦੋਂ ਓਸ ਬੀਬੀ ਦੇ ਅੰਤਲੇ ਸਵਾਸ ਬੜੇ ਦੁਖਾਂ ਦਾ ਰੂਪ ਧਾਰ ਗਏ ਹੁਣ ਕੋਲ ਪਾਠ ਤੇ ਕੀਰਤਨ ਕਰਨਾ ਪਵੇ ਜੇਕਰ ਇਕ ਮਿੰਟ ਵੀ ਪਾਠ ਬੰਦ ਹੋਵੇ ਤਾਂ ਓਹ ਬੀਬੀ ਮਛੀ ਵਾਂਗ ਤੜਫਨ ਲਗ ਪਵੇ ਤੇ ਜਿਨਾ ਚਿਰ ਪਾਠ ਹੋਵੇ ਚੁਪ ਪਈ ਰਹੇ ਹੁਣ ਦਿਨ ਰਾਤ ਦੀ ਥਕਾਵਟ ਨੇ ਪਰੇਸ਼ਾਨ ਕਰ ਦਿਤਾ। ਤੇ ਸਚ ਏਹ ਹੈ ਜੋ ਘਬਰਾ ਵੀ ਪੈਣ ਲਗ ਪਿਆ ਏਹ ਕਿਨਾ ਚਿਰ ਖੇਡ ਵੇਖਣੀ ਪਵੇਗੀ। ਗੁਰੂ ਜਾਨੇ ਕੀ ਸੋਝੀ ਆਈ ਜੋ ਚਲੋ ਅਰਦਾਸ ਕਰੀਏ ਗੁਰੂ ਕਿਰਪਾ ਨਾਲ ਮਹਾਰਾਜ ਦਾ ਨਿਵਾਸ ਵੀ ਘਰ ਵਿਚ ਸੀ ਉਸ ਕਮਰੇ ਅਗੇ ਰਖਕੇ ਕੁਝ ਸਜਨਾਂ ਅੰਦਰ ਜਾ ਕੇ ਅਰਦਾਸ ਕੀਤੀ ਹੁਣ ਅਰਦਾਸ ਵਿਚ ਇਹ ਮੁਸ਼ਕਲ ਸੀ ਜੋ ਕੀ ਮੰਗ ਮੰਗੀ ਜਾਏ ਜਦੋਂ ਹੁਕਮ ਹੈ :

ਛਨ ਘ ਲੇ ਸਭ ਦਿਵਸ

ਸਾਸ ਨਹ ਬਢਨ ਘਟਨ ਤਿਲ ਸਾਰ ।

ਇਹ ਦੁਚਿਤੀ ਸੀ ਪਰ ਗੁਰਦੇਵ ਜੀ ਨੇ ਆਪ ਹੀ ਏਸ ਭਾਵ ਦੀ ਅਰਦਾਸ ਕਰਾ ਲਈ।

ਹੇ ਦਾਤਾਰ ਏਸ ਬੀਬੀ ਦੇ ਪੂਰਬ ਕਰਮ ਕਰਕੇ ਜੇਕਰ ਕੋਈ ਲੇਖਾ ਹੈ ਤਾਂ ਕਿਰਪਾ ਕਰਕੇ ਆਪ



www.AKJ.Org

ਮੁਕਾਉ ਪਰ ਸਾਨੂੰ ਏਹ ਦੁਖ ਨਾ ਵਿਖਾਉ, ਅਸੀਂ ਅਸਮਰਥ ਹਾਂ, ਸਵਾਸ ਤਾਂ ਵਧ ਘਟ ਨਹੀਂ ਸਕਦੇ। ਏਸ ਤਰ੍ਹਾਂ ਦੀ ਅਰਦਾਸ ਹੋ ਗਈ ਜੋ ਸਚ ਮੁਚ ਦੁਖ ਵਿਚ ਇਕਾਗਰਤਾ ਨਾਲ ਹੋਈ ਹੋਵੇਗੀ। ਜਦ ਮਹਾਰਾਜ ਜੀ ਦਾ ਹੁਕਮ ਲਿਆ ਤਾਂ ਏਹ ਹੁਕਮ ਆਇਆ।

ਬਿਲਾਵਲ ਛੰਤ ਮਹਲਾ ੫ ॥
ਬੰਧਨ ਕਾਟੇ ਆਪਿ ਪ੍ਰਭਿ ਹੋਆ ਕਿਰਪਾਲ।
ਦੀਨ ਦਇਆਲ ਪ੍ਰਭ ਪਾਰਬ੍ਰਹਮ
ਤਾਕੀ ਨਦਰ ਨਿਹਾਲ।
ਗੁਰ ਪੂਰੈ ਕਿਰਪਾ ਕਰੀ ਕਾਟਿਆ ਦੁਖੁ ਰੋਗੁ।
ਮਨੁ ਤਨੁ ਸੀਤਲੁ ਸੁਖੀ ਭਇਆ ਪ੍ਰਭ ਧਿਆਵਨ ਜੋਗੁ।
।੧।ਰਹਾਉ। ਅਉਖਧੁ ਹਰਿ ਕਾ ਨਾਮੁ ਹੈ
ਜਿਤੁ ਰੋਗੁ ਨ ਵਿਆਪੈ।
ਸਾਧ ਸੰਗਿ ਮਨਿ ਤਨਿ ਹਿਤੈ ਫਿਰਿ ਦੂਖ ਨ ਜਾਪੈ।
ਹਰਿ ਹਰਿ ਹਰਿ ਹਰਿ ਜਾਪੀਐ ਅੰਤਰ ਲਿਵ ਲਾਈ।
ਕਿਲ ਵਿਖ ਉਤਰਹਿ ਸੁਧੁ ਹੋਇ ਸਾਧੂ ਸਰਣਾਈ।
ਸੁਨਤ ਜਪਤ ਹਰਿ ਨਾਮ ਜਸੁ ਤਾਕੀ ਦੂਰ ਬਲਾਈ।
ਮਹਾ ਮੰਤਰ ਨਾਨਕੁ ਕਥੈ ਹਰਿ ਕੈ ਗੁਣ ਗਾਈ।

ਮੱਥਾ ਟੇਕ ਕੇ ਜਦੋਂ ਬਾਹਰ ਨਿਕਲੇ ਤਾਂ ਕੀ ਡਿਠਾ ਉਹ ਬੀਬੀ ਜਿਸਦਾ ਅੰਗ ਅੰਗ ਤੜਫਦਾ ਛਡ ਕੇ ਅੰਦਰ ਗਏ ਸਾਂ, ਇਸ ਤਰ੍ਹਾਂ ਸ਼ਾਂਤ ਮੂਰਤ ਪਈ ਹੈ ਜਿਸ ਤਰ੍ਹਾਂ ਕੋਈ ਪੱਥਰ ਦਾ ਬੁਤ। ਉਪ੍ਰੋਕਤ ਹੁਕਮ ਦਾ ਅੱਖਰ ਅੱਖਰ ਇੰਝ ਜਾਪੇ ਕਿਸ ਤਰ੍ਹਾਂ ਵਰਤ ਰਿਹਾ ਹੈ। ਜਿਥੇ ਹਥ ਪੈਰ ਹਨ ਕੋਈ ਨਹੀਂ ਹਲਦਾ, ਅੱਖਾਂ ਵਿਚ ਆਨੇ ਹਲਦੇ ਦਿਸਦੇ ਨੇ ਪਰ ਮੂੰਹੋਂ ਹਾਏ ਹਾਏ ਦਾ ਸ਼ੋਰ ਕੋਈ ਨਹੀਂ, ਸਚ ਜਾਣੋ ਇਹ ਇਕ ਕਰਾਮਾਤ ਸੀ ਜੋ ਸਚ ਮੁਚ ਹੀ ਸਾਰੀ ਬਲਾਈ ਦੂਰ ਹੋ ਗਈ ਤੇ ਕੇਵਲ ਸਵਾਸ ਪੂਰੇ ਹੋ ਰਹੇ ਹਨ ਹੋਰ ਕੁਝ ਨਹੀਂ ਮੰਗਿਆ ਤੇ ਨਾ ਕੋਈ ਗਲ ਕੀਤੀ, ਹੁਣ ਸਗੋਂ ਹੀ ਅਚੰਭਾ ਖੇਡ ਬਣ ਗਈ ਜਿਸ ਨੇ ਅਠ ਪਹਿਰ ਅਥਵਾ ਇਕ ਦਿਨ ਤੇ ਰਾਤ ਏਸ ਤਰਾਂ ਦੀ ਹਾਲਤ ਵਿਚ ਗੁਜ਼ਾਰ ਦਿਤੇ ਭਾਵੇਂ ਤੜਫਨ ਦਾ ਦੁਖ ਮਿਟ ਗਿਆ ਪਰ ਲਗਾਤਾਰ ਪਾਠ ਕਰਨ ਦੀ ਲੋੜ ਰਹੀ ਤੇ ਆਖ਼ਰ ਓਹ ਵੇਲਾ ਆ ਗਿਆ ਜਦੋਂ ਇਕ ਬਾਂਹ ਉਚੀ ਕਰ ਕੇ ਬੋਲ ਪਈ ਸਤਿਨਾਮ ਸ੍ਰੀ ਵਾਹਿਗੁਰੂ, ਫੇਰ ਆਖੋ ਸਤਿਨਾਮ ਸ੍ਰੀ ਵਾਹਿਗੁਰੂ, ਸਾਰੇ ਆਖੋ ਸਤਿਨਾਮ ਸ੍ਰੀ ਵਾਹਿਗੁਰੂ ਅੱਠ ਪਹਿਰ ਇਕ ਮੁਰਦੇ ਵਾਂਗ ਪਿਆਂ ਇਕੋ ਵਾਰ ਏਸ ਤਰ੍ਹਾਂ ਬੋਲ ਪਵੇ ਇਹ ਵੀ ਅਚੰਭਾ ਹੀ ਸੀ ਜਾਂ ਏਨੇ ਵਿਚ ਸੁਖਮਨੀ ਸਾਹਿਬ ਦੀ ਅੰਤਲੀ ਤੁਕ ਦਾ ਪਾਠ ਹੋ ਰਿਹਾ ਸੀ:

'ਨਾਨਕ ਏਹ ਗੁਨ ਨਾਮ ਸੁਖਮਨੀ' ਏਸਦੇ ਨਾਲ ਹੀ ਸਵਾਸ ਪੂਰੇ ਹੋ ਗਏ ਤੇ ਸਦਾ ਦੀ ਸੁਖ ਦੀ ਨੀਂਦਰ ਸੌਂ ਗਈ। ਧੰਨ ਨਿਰੰਕਾਰ, ਧੰਨ ਨਿਰੰਕਾਰ ਧੰਨ ਗੁਰੂ ਗ੍ਰੰਥ ਸਾਹਿਬ ਜੀ ਜਾਗਤੀ ਜੋਤ!

---

## ਦਸੂਹਾ ਵਿਖੇ ਅਖੰਡ ਕੀਰਤਨ ਸਮਾਗਮ

26. 27, 28 ਜੂਨ 1970 ਨੂੰ ਭਾ: ਮਹਿੰਦਰ ਸਿੰਘ ਜੀ (ਕੀਰਤਨੀ ਪਟਿਆਲਾ) ਦੇ ਗ੍ਰਹਿ ਦਸੂਹਾ ਵਿਖੇ ਅਖੰਡ ਪਾਠ ਤੇ ਅਖੰਡ ਕੀਰਤਨ ਹੋ ਰਹੇ ਹਨ। ਸਰਬ ਸੰਗਤਾਂ ਦਰਸ਼ਨ ਦੇਣ ਦੀ ਕਿਰਪਾਲਤਾ ਕਰਨ ਜੀ। ਦਾਸਰਾ—ਮਹਿੰਦਰ ਸਿੰਘ, ਜੁਗਿੰਦਰ ਸਿੰਘ, ਮਕਾਨ ਨੰ: 99, ਵਾਡ ਨੰ: 8, ਦਸੂਹਾ, ਜਿਲਾ ਹੁਸ਼ਿਆਰਪੁਰ।

## ਧੰਨਵਾਦ!

1. ਸੂਬੇਦਾਰ ਗੁਰਬਚਨ ਸਿੰਘ ਜੀ (ਰਾਣੀ ਮਾਜਰਾ) ਦੀ ਸਪੁਤਰੀ ਬੀਬੀ ਹਰਬੰਸ ਕੌਰ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ 15 ਰੁਪੈ 'ਸੂਰਾ' ਨੂੰ ਸਹਾਇਤਾ ਭੇਜੇ ਗਏ। ਸਤਿਗੁਰੂ ਜੋੜੀ ਨੂੰ ਗੁਰਮਤਿ ਅਨੁਸਾਰ ਅਨੰਦ ਮਈ ਜੀਵਨ ਬਖਸ਼ੇ।

2. ਸ: ਮਹਿੰਦਰ ਸਿੰਘ M/s ਮਹਿੰਦਰਾ ਸਪੋਰਟਸ ਵਰਕਸ ਓਖਲਾ ਇੰਡਸਟਰੀਜ਼ ਐਸਟੇਟ ਨਿਊ ਦੇਹਲੀ-20 ਆਪਣੀ ਸਪੁਤਰੀ ਦੇ ਅਨੰਦ ਕਾਰਜ ਦੀ ਖੁਸ਼ੀ ਵਿਚ 10 ਰੁਪੈ 'ਸੂਰਾ' ਨੂੰ ਸਹਾਇਤਾ ਭੇਜਦੇ ਹਨ। ਸਤਿਗੁਰੂ ਜੋੜੀ ਨੂੰ ਗੁਰਮਤਿ ਅਨੁਸਾਰ ਅਨੰਦ ਮਈ ਜੀਵਨ ਬਖਸ਼ੇ।

www.AKJ.Org

# ਸਾਰੇ ਭਾਰਤ ਵਿਚ ਅਖੰਡ ਕੀਰਤਨ ਦੀਆਂ

## ਅਤੁੱਟ ਝੜੀਆਂ

ਗੁਰੂ ਪਿਆਰੀਆਂ ਸਰਬੱਤ ਸੰਗਤਾਂ ਇਹ ਸੁਣ ਕੇ ਬਹੁਤ ਖੁਸ਼ ਹੋਣਗੀਆਂ ਕਿ ਅਗੇ ਵਾਂਗ ਇਸ ਸਾਲ ਵੀ **ਅਖੰਡ ਕੀਰਤਨੀ ਜੱਥਾ ਪਟਿਆਲਾ ਵਲੋਂ ਇਕ ਮਹੀਨੇ ਦਾ ਵਾਰਸ਼ਕ ਯਾਤਰਾ ਪਰੋਗਰਾਮ** ਸਾਰੇ ਹਿੰਦੁਸਤਾਨ ਦੇ ਸ਼ਹਿਰਾਂ ਦਾ ਬਣ ਚੁਕਿਆ ਹੈ ਜੋ ਦਿਲੀ ਦੁਸਹਿਰੇ ਦੇ ਸਮਾਗਮ ਤੇ ਅਖੰਡ ਕੀਰਤਨੀ ਜੱਥਾ ਪਟਿਆਲਾ ਦਿਲੀ ਸ਼ਹਿਰ ਕੀਰਤਨ ਦੀ ਸੇਵਾ ਕਰਕੇ ਬਾਕੀ ਹਿੰਦੁਸਤਾਨ ਦੇ ਸ਼ਹਿਰਾਂ ਲਈ ਕੀਰਤਨ ਦੀ ਸੇਵਾ ਲਈ ਇਕ ਸਪੈਸ਼ਲ ਬਸ ਰਾਹੀਂ ਤੁਰ ਪਵੇਗਾ। ਇਸ ਟੂਰ ਦਾ ਵੇਰਵੇ ਸਹਿਤ ਰਸਤਾ ਇਸ ਪ੍ਰਕਾਰ ਹੋਵੇਗਾ ਤਾਂ ਜੋ ਹੇਠ ਲਿਖੇ ਸ਼ਹਿਰ ਆਪਣਾ ਆਪਣਾ ਸਮਾਗਮ (ਸਾਲਾਨਾ) ਵੀ ਇਹਨਾਂ ਤਾਰੀਖ਼ਾਂ ਵਿਚ ਹੀ ਨਿਭਾ ਲੈਣ।

ਪਟਿਆਲਾ, ਦਿੱਲੀ, ਕੋਟਾ ੨ ਦਿਨ, ਬੜੋਦਾ, ਬੰਬਈ ੫ ਦਿਨ, ਪੂਨਾ ੨ ਦਿਨ, ਸ੍ਰੀ ਹਜ਼ੂਰ ਸਾਹਿਬ, ਭੁਪਾਲ ੨ ਦਿਨ, ਜਬਲਪੁਰ, ਗਵਾਲੀਅਰ, ਆਗਰਾ, ਮਥਰਾ, ਮੇਰਠ, ਹਰਦੁਵਾਰ, ਰੁੜਕੀ, ਜਮਨਾ ਨਗਰ (ਜਗਾਧਰੀ) ਵਾਪਸੀ ਪਟਿਆਲਾ।

ਵੇਰਵੇ ਸਹਿਤ ਪਰੋਗਰਾਮ ਬਹੁਤ ਛੇਤੀ ਦਿਤਾ ਜਾਵੇਗਾ। ਸੰਗਤਾਂ ਉਡੀਕ ਕਰਨ।

ਦਾਸਰੇ–

ਅਖੰਡ ਕੀਰਤਨੀ ਜੱਥਾ, ਪਟਿਆਲਾ।

www.AKJ.Org